
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਧਨੁ ਨਾਨਕ ਤੇਰੀ ਵਡੀ ਕਮਾਈ ॥
ਵਡਾ ਪੁਰਖੁ ਪਰਗਟਿਆ, ਕਲਿਜੁਗਿ ਅੰਦਰਿ ਜੋਤਿ ਜਗਾਈ ॥

ਨਵੰਬਰ ੧੯੭੩ NOV 1973



ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ)
ਜਿਥੋਂ ਦੇ ਦਰਸ਼ਨਾਂ ਤੋਂ ਸੰਗਤਾਂ ਵਿਛੜੀਆਂ ਹੋਈਆਂ ਹਨ ।

www.AKJ.Org

ਡੀ ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10 68 ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਗੁਰਮੁਖਿ ਕਲਿ ਵਿਚਿ ਪਰਗਟ ਹੋਆ | ਭਾਈ ਸਾਹਿਬ ਭਾਈ ਗੁਰਦਾਸ ਜੀ | ੧ |
| ਗੁਰਬਾਣੀ ਵੀਚਾਰ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੨ |
| ਵਿਗਿਆਨਕ ਖੋਜਾਂ ਤੇ ਗੁਰੂ ਨਾਨਕ ਬਾਣੀ | ਸ:ਦਲਜੀਤਸਿੰਘ ਜੀ,ਪੰਜੋਖਰਾ ਸਾਹਿਬ | ੩ |
| ਰੰਗ ਕਰਤਾਰ ਦੇ(ਪ੍ਰਕਾਸ਼-ਉਤਸ਼ਵ ਸਬੰਧੀ ਕਵਿਤਾ) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੧੧ |
| ਨਿਰਬਾਣ ਕੀਰਤਨ (ਇਤਿਹਾਸਕ ਪੱਖ) | ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ | ੧੪ |
| ਪਿਆਰਾ ਗੁਰੂ ਨਾਨਕ (ਕਵਿਤਾ) | ਭਾਈ ਜਗਤ ਸਿੰਘ ਜੀ ਜਗਤ | ੨੧ |
| ਕਾਰਜ-ਸਾਧਕ ਕਮੇਟੀ ਦੇ ਫ਼ੈਸਲੇ | ਸ੍ਰੀ ਮਾਨ ਬਾਊ ਮਲ ਸਿੰਘ ਜੀ | ੨੨ |
| ਗੁਰੂ ਨਾਨਕ ਸੋਸਾਇਟੀ ਕੋਟਾ ਵਲੋਂ ਮਤਾ | ਸ: ਜਗਤਾਰ ਸਿੰਘ ਸਕੱਤਰ | ੨੩ |
| ਚਾਹ ਵਿਚਲੇ ਕੈਮੀਕਲ ਅੰਸ਼ਾਂ ਦਾ ਅਸਰ | ਸ: ਮਾਲਕ ਸਿੰਘ ਜੀ | ੨੪ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੨੭ |
| ਗੁਰਮਤਿ-ਪਰਚਾਰ ਦਾ ਨਵਾਂ ਪਰੰਤੂ ਕੋਝਾ ਢੰਗ | ਭਾਈ ਗੁਰਦਿਆਲ ਸਿੰਘ ਜੀ | ੩੧ |
| ਨਾਨਕ ਸੋ ਪ੍ਰਭੁ ਸਿਮਰੀਐ, ਤਿਸੁ ਦੇਹਿ ਕਉ ਪਾਲਿ | ਪ੍ਰਿੰਸੀਪਲ ਨਿਰੰਜਨ ਸਿੰਘ ਜੀ | ੩੩ |
| ਪੁਸਤਕ-ਵਾਕਫ਼ੀ : ਹੰਸਾ ਹੀਰਾ ਮੋਤੀ ਚੁਗਣਾ | ਐਡੀਟਰ | ੩੬ |
| 'ਹੰਸਾ ਹੀਰਾ ਮੋਤੀ ਚੁਗਣਾ' ਬਾਰੇ 'ਦੋ ਸ਼ਬਦ' | ਸ: ਕਿਰਪਾਲ ਸਿੰਘ ਜੀ ਨਾਰੰਗ | ੩੭ |


## ਨਵੰਬਰ ੧੯੭੩ ਵਿਚ ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ | ੧੦ ਨਵੰਬਰ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰ - ਗਦੀ ਬਿਰਾਜਮਾਨ ਹੋਏ | ੨੭ ਨਵੰਬਰ |
| ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਸਾਕਾ | ੩੦ ਨਵੰਬਰ |

ਸੰਗਰਾਂਦ ਮਘਰ — ੧੫ ਨਵੰਬਰ

ਪੂਰਨਮਾਸ਼ੀ — ੧੦ ਨਵੰਬਰ

ਮਸਿਆ — ੨੪ ਨਵੰਬਰ

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੭ | ੧ ਨਵੰਬਰ, ੧੯੭੩ | ਅੰਕ ੧੦


## ਗੁਰਮੁਖਿ ਕਲਿ ਵਿਚਿ ਪਰਗਟ ਹੋਆ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥
ਸਿੰਘ ਬੁਕੇ,ਮਿਰਗਾਵਲੀ ਭੰਨੀ ਜਾਇ ਨਾ ਧੀਰਿ ਧਰੋਆ ॥
ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣਿ ਸੋਆ ॥
ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ॥
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਸੋਆ ॥
ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥੨੭॥ [ਭਾਈ ਗੁਰਦਾਸ, ਵਾਰ ੧]

ਪਲੋਆ—ਨਸਿਆ । ਸਿੰਘ—ਸ਼ੇਰ । ਮਿਰਗਾਵਲੀ—ਹਿਰਨਾਂ ਦੀ ਡਾਰ । ਵਸੋਆ—ਵਿਸਾਖੀ, ਖੁਸ਼ੀ ।


ਐਡੀਟਰ : ਜਸਵੰਤ ਸਿੰਘ ਗਿਆਨੀ, ਬੀ. ਏ., ਬੀ. ਟੀ,



www.AKJ.Org

# ਗੁਰਬਾਣੀ-ਵੀਚਾਰ

[ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ਭੈਰਉ ਮਹਲਾ ੫ [੧੧੫੭]

ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭ ਮਿਲਿਓ ਅਚਿੰਤਾ ॥੧॥
ਕਹੁ ਨਾਨਕ ਕੀਰਤਿ ਹਰਿ ਸਾਚੀ ॥ ਬਹੁਰਿ ਬਹੁਰਿ ਤਿਸੁ ਸੰਗਿ ਮਨ ਰਾਚੀ ॥੧॥ਰਹਾਉ॥
ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥
ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥੨॥
ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥
ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥
ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ ਪੂਰਨ ਆਸਾ ॥
ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥
ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥
ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥
ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥
ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦ ਗਾਜੈ ॥੬॥
ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥
ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥
ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕ ॥
ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥

## ਵਿਆਖਿਆ—

ਸਤਿਗੁਰੂ ਮੋ ਕਉ ਕੀਨੋ ਦਾਨੁ ॥
ਅਮੋਲ ਰਤਨ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਅਨੰਤਾ ॥
ਨਾਨਕ ਕਉ ਪ੍ਰਭ ਮਿਲਿਓ ਅਚਿੰਤਾ ॥੧॥

ਫ਼ੈਜ਼ ਗੰਜੂਰ ਕਰੀਮੁਲ-ਕਮਾਲ ਸ੍ਰੀ ਅਕਾਲ ਪੁਰਖ ਦਾ ਅੱਵਲ-ਤਰੀਨ ਫ਼ੈਜ਼-ਫ਼ਜ਼ਲ ਰਹਿਮਤ-ਪਾਤਰੀ ਜਨਾਂ ਉਤੇ ਇਹ ਹੁੰਦਾ ਹੈ ਕਿ ਸਤਿਗੁਰੂ ਸੱਚੇ ਦੁਆਰਾ ਵਾਹਿਗੁਰੂ ਨਾਮ ਰੂਪੀ ਅਮੋਲ ਰਤਨ ਦਾ ਦਾਨ ਉਹਨਾਂ ਨੂੰ ਦਿਵਾਉਂਦਾ ਹੈ, ਜੋ ਵਾਹਿਗੁਰੂ ਦੀ ਨਦਰ ਮੇਹਰ ਫ਼ਜ਼ਲ ਦੇ ਪਾਤਰ, ਅਧਿਕਾਰੀ, ਪ੍ਰਮ ਅਧਿਕਾਰੀ ਹੁੰਦੇ ਹਨ। ਇਸ ਗੁਰਮਤਿ ਨਾਮ ਦੀ ਪਾਰਸ ਅਭਿਆਸਨੀ ਕਲਾ ਦੇ ਤੁਫ਼ੈਲ ਗੁਰੂ ਨਾਨਕ ਸਾਹਿਬ ਦੇ ਵਰੋਸਾਏ ਸਿਖਾਂ ਨੂੰ ਵਾਹਿਗੁਰੂ ਦਾ ਵਸਲ ਮਿਲਾਪ ਅਚਿੰਤੇ ਹੀ ਹੋ ਜਾਂਦਾ ਹੈ। ਵਸਲ ਹੋਣ ਸਾਰ ਹੀ ਚੋਜੀ ਪ੍ਰੀਤਮ ਆਪਣੇ ਅਨਿੰਨ ਪ੍ਰੇਮੀ ਜਨਾਂ ਨਾਲਿ ਸਹਿਜ ਅਨੰਦ ਬਿਨੋਦੀ ਅਨੰਤ ਚੋਜ ਕਰਨ ਲੱਗ ਪੈਂਦਾ ਹੈ।

ਕਹੁ ਨਾਨਕ ਕੀਰਤਿ ਹਰਿ ਸਾਚੀ ॥
ਬਹੁਰਿ ਬਹੁਰਿ ਤਿਸੁ ਸੰਗਿ ਮਨ ਰਾਚੀ॥ਰਹਾਉ।



www.AKJ.Org

ਇਸ ਚੋਜ ਅਨੰਦ ਪਰਮ ਅਧਿਭੁਤ ਰੰਗਾਂ ਅੰਦਰਿ ਵਾਹਿਗੁਰੂ ਸੇਤੀ ਚੋਜ ਬਿਨੋਦੀ ਕੇਲ ਕਰੰਦਿਆਂ, ਅਤ ਸੁਰਤਿ ਸਮੀਪੀ ਅਤੇ ਦ੍ਰਿਸ਼ਟ ਸਨਮੁਖੀ ਪ੍ਰੀਤਮ-ਦਰਸ਼ਨ ਕਰਦਿਆਂ ਹੋਇਆਂ, ਜੋ ਗੁਰਬਾਣੀ, ਸਚੀ ਬਾਣੀ ਦੇ ਕੀਰਤਨ ਦਾ ਅਨੰਦ ਆਉਂਦਾ ਹੈ ਉਹ ਅਦੁੱਤੀ ਅਤੇ ਅਕਥਨੀਯ ਹੈ। ਤੱਤ ਆਤਮ ਅਨੰਦ ਦੀ ਅਵਧੀ ਪ੍ਰੀਤਮ ਪ੍ਰਮਾਤਮਾ ਦੀ ਸਾਪੇਕਸ਼ ਦਿਬ-ਦੀਦਾਰਤਾ ਵਿਚਿ ਹੀ ਹੁੰਦੀ ਹੈ। ਵਾਹਿਗੁਰੂ ਦੀ ਇਸ ਸਾਚੀ ਰੰਗ ਰਾਚੀ ਕੀਰਤਿ ਦਾ ਕੀਰਤਨੀ ਜਨਾਂ ਨੂੰ ਰਜ ਨਹੀਂ ਆਉਂਦਾ । ਉਹ ਬਹੁੜਿ ਬਹੁੜਿ ਕੀਰਤਨ ਦੇ ਉਮਾਹਿਆਂ ਵਿਚ ਹੀ ਉਮਾਹੁੰਦੇ ਹਨ ਅਤੇ ਮੁੜ ਮੁੜ ਕੀਰਤਨ ਰੰਗਾਂ ਵਿਚ ਹੀ ਰਚੇ ਰਹਿੰਦੇ ਹਨ। ਕੀਰਤਨ ਉਹਨਾਂ ਤੋਂ ਛਡ ਹੀ ਨਹੀਂ ਹੁੰਦਾ । ਨਾ ਪ੍ਰੀਤਮ ਦਾ ਦੀਦਾਰ ਛੁਟੇ ਨਾ ਕੀਰਤਨ ਛੁਟੇ । ਇਕ ਛਿਨ ਪਲ ਜੇ ਕਿਤੇ ਦੀਦਾਰ ਲਾਂਭੇ ਵੀ ਹੋ ਜਾਂਦਾ ਹੈ ਅਤੇ ਦੀਦਾਰ-ਮਾਸੂਰੀ ਪ੍ਰੀਤਮ ਲੁਕਣ-ਮੀਟੀਆਂ ਖੇਲਣ ਲਗ ਪੈਂਦਾ ਹੈ ਤਾਂ ਭੀ ਉਹ ਕੀਰਤਨ ਕਰਿ ਕਰਿ ਹੀ ਦਰਸ਼ਨ-ਦੀਦਨੀ ਮੋੜੇ ਮਹਿਬੂਬ ਦੇ ਕਰਾਉਂਦੇ ਹਨ । ਤੁਰਤ ਹੀ ਕੀਰਤਨ ਕਰਨਾ ਅਰੰਭ ਕਰ ਦਿੰਦੇ ਹਨ। ਕੀਰਤਨੀਆਂ ਦੇ ਕੀਰਤਨ ਤੇ ਰੀਝ ਕੇ ਲੁਕਣ-ਮੀਟਣੀਆ-ਮਹਿਬੂਬ ਫੇਰ ਨਖ਼ਰ-ਨਹੋਰੜਾ ਘੁੰਗਟ ਲਾਹ ਕੇ ਅਤਿ ਅਪਾਰ ਜਗਮਗੀ ਮੁਖਾਰ ਦਾ ਦਰਸ਼ਨ-ਦੀਦਾਰ ਦਿੰਦਾ ਹੋਇਆ ਸਨਮੁਖ ਆ ਜ਼ਹੂਰ ਪਜ਼ੀਰ ਹੁੰਦਾ ਹੈ।

> ਅਚਿੰਤ ਹਮਾਰੈ ਭੋਜਨ ਭਾਉ ॥
> ਅਚਿੰਤ ਹਮਾਰੈ ਲੀਚੈ ਨਾਉ ॥
> ਅਚਿੰਤ ਹਮਾਰੈ ਸਬਦਿ ਉਧਾਰ ॥
> ਅਚਿੰਤ ਹਮਾਰੈ ਭਰੇ ਭੰਡਾਰ ॥੨॥

ਦਰਸ ਸਰੂਰੀ ਹਾਜ਼ਰ ਹਜ਼ੂਰੀ ਸਾਪੇਖਸ਼ਤ ਦੇ ਵਿਗਾਸ ਅੰਦਰ ਕੀਰਤਨ-ਰੰਗਾਂ ਵਿਚ ਜੋ ਮਹਿਵਤਾ ਹੁੰਦੀ ਹੈ ਉਹ ਅਗੇ ਨਾਲੋਂ ਵੀ ਅਕਥਨੀਯ ਹੁੰਦੀ ਹੈ । ਕੀਰਤਨ ਉਹਨਾਂ ਦਾ ਭੋਜਨ ਹੋ ਜਾਂਦਾ ਹੈ । ਇਸ ਭੋਜਨ-ਭਾਂਉ ਵਿਚ ਹੋਰ ਭੋਜਨ ਦੀ ਰੁਚੀ ਹੀ ਨਹੀਂ ਰਹਿੰਦੀ । ਅਨਦਿਨ ਓਹ ਕੀਰਤਨ ਰੂਪੀ ਭੋਜਨ ਭੁੰਚਣ ਵਿਚ ਹੀ ਰਚੇ ਰਹਿੰਦੇ ਹਨ । ਨਾ ਛਾਦਨ ਦੀ ਨਾ ਭੋਜਨ ਦੀ ਰੁਚੀ, ਇੱਛਾ ਹੀ ਨਹੀਂ ਰਖਦੇ। ਅਚਿੰਤੇ ਜੋ ਭੋਜਨੀ ਪਦਾਰਥ ਆ ਮਿਲੇ ਸੋ ਭੁੰਚ ਲੈਂਦੇ ਹਨ ਅਤੇ ਸੋਈ ਭੁੰਚ ਕੇ ਸੰਤੁਸ਼ਟ ਰਹਿੰਦੇ ਹਨ । ਭਾਵੇਂ ਰੁਖਾ ਸੁਖਾ ਭੋਜਨ ਹੀ ਹੋਵੇ "ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ"। ਇਹ ਹੈ "ਅਚਿੰਤ ਹਮਾਰੈ ਭੋਜਨ ਭਾਉ" ਦੀ ਭਾਉ ਭੁਗਤਨੀ ਅਵਸਥਾ । ਇਸ ਅਵਸਥਾ ਵਿਖੇ ਨਾਮ-ਅਭਿਆਸ ਦਾ ਸਫੁਰਨ ਵੇਗ ਭੀ ਅਫੁਰ ਹੀ ਫੁਰਦਾ ਹੈ ਅਤੇ ਸੁਤੇ ਸੁਭਾਵ ਹੀ ਬਿਨਾਂ ਯਤਨ ਦੇ ਚਲਿਆ ਰਹਿੰਦਾ ਹੈ । ਊਠਤ ਬੈਠਤ ਸੋਵਤ ਜਾਗਤ ਚਲਦਿਆਂ ਫਿਰਦਿਆਂ, ਅਚਿੰਤੇ ਹੀ ਸੁਰਤੀ ਕਰਕੇ, ਸੁਆਸ ਕਰਕੇ, ਜਪ ਅਭਿਆਸ ਕਰਕੇ, ਨਾਮ ਦਾ ਸਹਿਜ ਬਿਲੋਵਨ ਆਪ੍ਰ-ਹੁਦਰੋਂ ਹੀ ਬਿਲੋਈਦਾ ਰਹਿੰਦਾ ਹੈ । ਦਇਆਲੂ ਕਿਰਪਾਲੂ ਕਰੀਮ ਰਹੀਮ ਵਾਹਿਗੁਰੂ ਦੇ ਫ਼ਜ਼ਲ-ਕਰੰਮ ਅਤੇ ਰਹਿਮਤ ਕਰੰਮ ਦਾ ਉਸ ਗੁਰਮੁਖ ਜਨ ਤੇ ਖ਼ਾਸ ਨਛਾਵਰਾ ਹੈ, ਜਿਸ ਨੂੰ ਇਹ "ਅਚਿੰਤ ਹਮਾਰੈ ਲੀਚੈ ਨਾਉ" ਦੀ ਲਹਿਰ ਬਹਿਰ ਪ੍ਰਾਪਤ ਹੋਈ ਹੈ । ਫ਼ਜ਼ਲ-ਕਰੰਮੀ ਰੱਬੀ ਉਦਾਰਤਾ ਦੇ ਪਾਤਰ-ਜਨਾਂ ਦਾ ਸ਼ਬਦ ਦੁਆਰਾ ਉਦਾਰ-ਨਿਸਤਾਰਾ ਭੀ ਇਕ ਛਿਨਕ ਮਾਤਰ ਵਿਚ ਅਚਿੰਤੇ ਹੀ ਹੋ ਜਾਂਦਾ ਹੈ । ਸ਼ਬਦ ਉਧਾਰ ਰਹਿਮਤ ਪਾਤਰੀਸ਼ਾਂ ਦੇ ਮੁਕਤਿ ਭੁਗਤਿ ਦੇ ਭੰਡਾਰ ਅਚਿੰਤੇ ਹੀ ਭਰੇ ਰਹਿੰਦੇ ਹਨ ।

> ਅਚਿੰਤ ਹਮਾਰੈ ਕਾਰਜ ਪੂਰੇ ॥
> ਅਚਿੰਤ ਹਮਾਰੈ ਲਥੇ ਵਿਸੂਰੇ ॥
> ਅਚਿੰਤ ਹਮਾਰੈ ਬੈਰੀ ਮੀਤਾ ॥
> ਅਚਿੰਤੋ ਹੀ ਇਹੁ ਮਨੁ ਵਸਿ ਕੀਤਾ॥੩॥

"ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ" ਦੀ ਮਿਹਰੰਮਤ-ਵਰੋਸਾਇਆਂ ਦੇ ਸਾਰੇ ਕਾਰਜ ਭੀ ਅਚਿੰਤੇ ਹੀ ਪੂਰੇ ਹੁੰਦੇ ਰਹਿੰਦੇ ਹਨ, ਕੋਈ ਭੀ ਅਧੂਰਾ ਨਹੀਂ ਰਹਿੰਦਾ । "ਸਿਰਿ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ" ਦੀ ਨਦਰਿ-ਦ੍ਰਿਸ਼ਟਿ-ਵਰਸੀਜਿਆਂ ਉਪਰ "ਅਚਿੰਤ ਹਮਾਰੈ ਕਾਰਜ ਪੂਰੇ" ਦੀ ਭਾਵ-ਘਟਨਾ ਸੁਤੇ ਸੁਭਾਵ ਹੀ ਘਟਦੀ ਰਹਿੰਦੀ ਹੈ। ਓਹਨਾਂ ਦੇ ਸਾਰੇ ਵਿਸੂਰੇ, ਝੂਰੇਵੇਂ ਵੀ ਅਚਿੰਤੇ ਹੀ ਲਹਿ ਜਾਂਦੇ ਹਨ ਅਤੇ ਸਦਾ ਹੀ ਲਥੇ ਰਹਿੰਦੇ ਹਨ। "ਅਚਿੰਤ ਹਮਾਰੈ ਲਥੇ ਵਿਸੂਰੇ" ਦੀ ਨਦਰਿ ਦ੍ਰਿਸ਼ਟੀ

www.AKJ.Org

ਜਿਨ੍ਹਾਂ ਉਪਰ ਹੋ ਗਈ, ਉਨ੍ਹਾਂ ਨੂੰ "ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ" ਦੇ ਗੁਰਵਾਕ ਅਨੁਸਾਰਤਾ ਵਾਲੀ ਸਮ-ਦ੍ਰਿਸ਼ਟਿ ਪ੍ਰਾਪਤ ਹੋ ਜਾਂਦੀ ਹੈ। ਓਹਨਾਂ ਦਾ ਨਾ ਕੋਈ ਦੁਸ਼ਮਨ ਰਹਿੰਦਾ ਹੈ, ਨਾ ਉਹ ਕਿਸੇ ਨਾਲ ਵੈਰ-ਭਾਵ ਰਖਦੇ ਹਨ । ਕਿਸੇ ਦੇ ਵੀ ਵੈਰੀ ਨਹੀਂ ਹੁੰਦੇ, ਬਲਕਿ ਸਾਰੇ ਉਹਨਾਂ ਦੇ ਮਿੱਤਰ ਅਤੇ ਉਹ ਸਾਰਿਆਂ ਦੇ ਸਜਣ ਬਣੇ ਰਹਿੰਦੇ ਹਨ । "ਸਭ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ", ਸਗੋਂ ਬੈਰੀ ਭੀ ਓਹਨਾਂ ਦੇ ਮਿੱਤਰ ਬਣ ਜਾਂਦੇ ਹਨ ਅਤੇ ਅਚਿੰਤੇ ਹੀ ਹੋ ਜਾਂਦੇ ਹਨ । "ਅਚਿੰਤ ਹਮਾਰੈ ਬੈਰੀ ਮੀਤਾ" ਫ਼ਜ਼ਲ-ਕਰੰਮੀ ਪਰਤਾਪ ਅਚਿੰਤੇ ਹੀ ਤਿਨ੍ਹਾਂ ਦੇ ਵਿਰਸੇ ਵਿਚਿ ਆ ਜਾਂਦਾ ਹੈ, ਜੋ ਅੰਮ੍ਰਿਤ-ਅਭਿਆਸ-ਸਬਦ-ਰਸਾਇਣੀ ਹੁੰਦੇ ਹਨ । ਸਾਲਾਹੀ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨ ਵਾਲਿਆਂ ਨੂੰ ਦੁਸ਼ਮਨ ਦਾ ਭੈ ਨਹੀਂ ਰਹਿੰਦਾ । "ਨਾਨਕ ਨਾਮ ਸਲਾਹੀਐ ਭੈ ਦੁਸਮਨ ਭਾਗੈ" ਉਹਨਾਂ ਦੀ ਅੰਤਰਗਤੀ ਭਾਵਨਾ ਸਾਰਿਆਂ ਨੂੰ ਆਪਣਾ ਮਿੱਤਰ ਕਰਕੇ ਜਾਨਣ ਵਾਲੀ ਹੁੰਦੀ ਹੈ ਅਤੇ ਵਰਤੋਂ-ਵਿਹਾਰ ਵੀ ਸਭਨਾਂ ਦੇ ਨਾਲ ਮਿੱਤਰ-ਚਾਰੇ ਵਾਲਾ ਹੁੰਦਾ ਹੈ । ਉਹ ਬੁਰੇ ਦਾ ਭੀ ਭਲਾ ਤਕਦੇ ਹਨ । ਬੁਰਾ ਕਰਨ ਵਾਲੇ ਨਾਲਿ ਭੀ ਭਲਾ ਸਲੂਕ ਰਖਦੇ ਹਨ, ਕਿਉਂਕਿ ਮਨੋ-ਭਾਵਨਾ ਓਹਨਾਂ ਦੀ ਸਭਨਾਂ ਦੇ ਨਾਲਿ ਭਲਿਆਈ ਕਰਨ ਦੀ ਹੁੰਦੀ ਹੈ । ਦੂਜੇ ਓਹਨਾਂ ਦਾ ਤੇਜ-ਪਰਤਾਪ ਹੀ ਐਸਾ ਹੁੰਦਾ ਹੈ । ਓਹਨਾਂ ਉਪਰ ਮਾਲਕ ਦੀ ਮਿਹਰੰਮਤ ਅਤੇ ਫ਼ਜ਼ਲ-ਕਰੰਮੜਾ ਨਦਰਾਰਾ ਹੁੰਦਾ ਹੈ । ਤਾਂਹੀ ਤੇ ਓਹਨਾਂ ਉਪਰ "ਅਚਿੰਤ ਹਮਾਰੈ ਬੈਰੀ ਮੀਤਾ" ਵਾਲੀ ਬਵਸਥਾ ਘਟਦੀ ਹੈ । "ਅਚਿੰਤੋ ਹੀ ਇਹੁ ਮਨੁ ਵਸਿ ਕੀਤਾ" ਵਾਲਾ ਫ਼ਜ਼ਲ-ਕਰਮ ਭੀ ਤਿਨ੍ਹਾਂ ਉਪਰ "ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ" ਵਾਲੇ ਗੁਰਵਾਕ ਦੇ ਭਾਵ ਵਿਚ ਆਇਦ ਹੁੰਦਾ ਹੈ । ਸਚਮੁਚ ਪੂਰਨ ਕਰੰਮ (ਬਖਸ਼ਸ਼) ਜਿਨ੍ਹਾਂ ਫ਼ਜ਼ਲ-ਪਾਤਰਾਂ ਤੇ ਹੁੰਦੀ ਹੈ, ਤਿਨ੍ਹਾਂ ਦਾ ਮਨ ਹੀ ਵਸ ਆਉਂਦਾ ਹੈ।

**ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥**
**ਅਚਿੰਤ ਹਮਾਰੀ ਪੂਰਨ ਆਸਾ ॥**
**ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥**
**ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥**

ਸਰਬ ਪਰਕਾਰ ਦੀ ਚਿੰਤਾ ਤੋਂ ਅਚਿੰਤ ਕਰਨ ਲਈ ਅਚਿੰਤੇ ਹੀ ਪ੍ਰਭੂ-ਪ੍ਰਮਾਤਮਾ ਆਪਣੇ ਅਨਿੰਨ ਦਾਸ ਜਨ ਲਈ ਦਿਲਾਸਾ ਰੂਪ ਹੋ ਜਾਂਦਾ ਹੈ । ਭਗਤ ਜਨਾਂ ਦਾ ਭਰਵਾਸਾ ਬਣ ਜਾਂਦਾ ਹੈ, ਕਿਉਂਕਿ ਜਦੋਂ ਵਾਹਿਗੁਰੂ ਦਿਲਾਸਾ ਰੂਪ ਆਸਰਾ-ਪਰਨਾ ਬਣ ਜਾਂਦਾ ਹੈ, ਫੇਰ ਅਚਿੰਤੇ ਹੀ ਉਹ ਓਹਨਾਂ ਦੀਆਂ ਸਾਰੀਆਂ ਆਸਾਂ ਪੂਰਨ-ਹਾਰਾ ਬਣ ਜਾਂਦਾ ਹੈ । ਪਤਾ ਨਹੀਂ ਲਗਦਾ ਜਦੋਂ ਆਸਾ ਪੂਰਨ ਹੋ ਜਾਂਦੀ ਹੈ । ਆਸਾ-ਵੰਤਿਆਂ ਦੀ ਤਾਂ ਇਕੋ ਦਰਸ਼ਨ ਦੀ ਆਸਾ ਹੁੰਦੀ ਹੈ। ਜਦੋਂ ਇਹ ਪੂਰਨ ਹੋ ਜਾਂਦੀ ਹੈ ਅਤੇ ਦਰਸ਼ਨ-ਮਈ ਵਿਚ ਵਿਚਰੀਦਾ ਹੈ ਤਦੋਂ ਆਸਾ-ਮਈ ਸੁਤੇ ਸੰਕਲਪ ਓਹਨਾਂ ਦੇ ਸੰਪੂਰਨ ਹੋ ਜਾਂਦੇ ਹਨ । ਸੰਕਲਪ ਮਾਤਰ ਵਿਚ ਸਹਿਜ ਸਫੁਰਨ ਹੋਈ ਆਸਾ ਭੀ ਅਚਿੰਤੋਂ ਹੀ ਪੂਰਨ ਹੋ ਜਾਂਦੀ ਹੈ । ਦਰਸ਼ਨ ਦਰਸੰਤੇ ਕਰਮ-ਵੰਤਿਆਂ ਨੂੰ ਆਸਾ-ਮਈ ਸੰਕਲਪ ਭੀ ਸੁਭ ਸੰਕਲਪ ਆਸਾ ਵਾਲਾ ਸਫੁਰਨ ਹੁੰਦਾ ਹੈ, ਜਿਸ ਦੇ ਅਖੀ ਫੋਰ ਵਿਚ, ਅੱਖੀਆਂ ਦੇ ਫੁਰਕਣ ਮਾਤਰ ਵਿਚ, ਪੂਰਨ ਹੋਣ ਵਿਚ ਬਿਲਮ ਨਹੀਂ ਲਗਦੀ । ਨਦਰ-ਵੰਤੇ ਗੁਰਸਿਖਾਂ ਨੂੰ ਅਚਿੰਤ ਦਾਤਿ ਜਦ ਮਿਲਦੀ ਹੈ ਤਾਂ ਓਹਨਾਂ ਨੂੰ ਸਗਲ ਸਿਧਾਂਤ, ਗੂੜ੍ਹ ਤੋਂ ਗੂੜ੍ਹ ਭਾਵ-ਮਈ ਸਿਧਾਂਤ ਸੁਤੇ ਹੀ ਫੁਰਿ ਆਉਂਦੇ ਹਨ । ਉਹ ਗੁਹਜ ਸਿਧਾਂਤ ਦਾ ਤੱਤਵੇਤਾ ਭਾਵ ਵਿਆਖੇਤਾ ਹੋ ਜਾਂਦਾ ਹੈ।

**ਅਚਿੰਤ ਹਮਾਰੇ ਬਿਨਸੇ ਬੈਰ ॥**
**ਅਚਿੰਤ ਹਮਾਰੇ ਮਿਟੇ ਅੰਧੇਰ ॥**
**ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥**
**ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥**

ਵਾਹਿਗੁਰੂ ਦੀ ਕਰਮ-ਕ੍ਰਿਸ਼ਮਾਉਣੀ ਨਦਰ ਨਾਲਿ ਕਰਮਵੰਤੇ ਗੁਰਮੁਖਾਂ ਅਨਿੰਨ ਦਾਸਰਿਆਂ ਦੇ ਸਾਰੇ ਹੀ ਅਗਿਆਨ-ਮਈ ਅੰਧੇਰ ਮਿਟ ਜਾਂਦੇ ਹਨ । ਗੁਰਮਤਿ-ਗਿਆਨ-ਚਾਨਣਾ ਹੋਣ ਕਰਿ, ਓਹਨਾਂ ਦੀ ਤਾਤ ਪਰਾਈ ਸਭ ਵਿਸਰ ਜਾਂਦੀ ਹੈ । ਓਹਨਾਂ ਦੀ



www.AKJ.Org

ਸਗਲ ਸੰਗ ਹੀ ਬਣ ਆਉਂਦੀ ਹੈ, ਕਿਉਂਕਿ ਉਨ੍ਹਾਂ ਦਾ ਨਾ ਕੋਈ ਬੈਰੀ ਰਹਿੰਦਾ ਹੈ ਨਾ ਬਿਗਾਨਾ ਉਹਨਾਂ ਨੂੰ ਨਜ਼ਰ ਆਉਂਦਾ ਹੈ। ਫਿਰ "ਅਚਿੰਤ ਹਮਾਰੇ ਬਿਨਸੇ ਬੈਰ" ਰੂਪੀ ਉਪਰਲੇ ਗੁਰਵਾਕ ਦੀ ਏਸ ਤੁਕ ਦੇ ਭਾਵ ਅਨੁਸਾਰ ਉਹਨਾਂ ਦੇ ਬੈਰ-ਭਾਵ ਵਾਲੇ ਸੰਸਕਾਰ ਹੀ ਬਿਨਸ ਜਾਂਦੇ ਹਨ । ਕੀਰਤਨ-ਰਸ ਦੀ ਮਿਠਾਸ ਉਨ੍ਹਾਂ ਨੂੰ ਦਿਨੋ ਦਿਨ, ਹੋਰ ਤੇ ਹੋਰ, ਵਧੇਰੇ ਤੇ ਵਧੇਰੇ ਅਤਿ ਮੀਠੀ ਅਤੇ ਅੰਮ੍ਰਿਤ-ਸੁਆਦ-ਅਨੰਦ ਵਾਲੀ ਲਗਣ ਲਗ ਜਾਂਦੀ ਹੈ । ਇਸ ਅਤਿ ਰਸ ਮੀਠੇ ਕੀਰਤਨ ਦੇ ਜੋਤਿ-ਵਿਗਾਸ ਹੁਲਾਸ ਕਰਿ ਪ੍ਰਮਾਤਮ ਜੋਤਿ, ਦਰਸ਼ਨੀ ਝਾਕਾ ਅਤਿ ਨਿੱਖਰਵਾਂ ਹਰ ਘਟਿ ਅੰਦਰ, ਘਟ ਘਟ ਅੰਦਰ ਪਰਤੱਖ ਹੋਣ ਲੱਗ ਪੈਂਦਾ ਹੈ ।

**ਅਚਿੰਤ ਮਿਟਿਓ ਹੈ ਸਗਲੋ ਭਰਮਾ ॥**
**ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥**
**ਅਚਿੰਤ ਹਮਾਰੈ ਅਨਹਤ ਵਾਜੈ ॥**
**ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥**

ਏਥੋਂ ਤਾਈਂ ਕਿ ਆਪੇ ਅਤੇ ਪਰਮਾਤਮਾ-ਸਿੰਞਾਪੇ ਵਿਚਿ ਕੋਈ ਭਰਮ-ਭੇਦ ਨਹੀਂ ਰਹਿੰਦਾ । ਇਕ-ਮਿਕਤਾ ਹੋਣ ਕਰਿ, ਆਤਮਾ-ਪਰਮਾਤਮਾ ਦੀ ਜੋਤਿ-ਜੋਤਿੰਦਰਾ ਹੋਣ ਕਰਿ ਸਗਲੇ ਕਰਮਾਂ ਦੀ ਮਿਟ-ਮਿਟਾਈ ਹੋ ਜਾਂਦੀ ਹੈ। ਇਹ ਕਰਮ-ਫ਼ਜ਼ਲਾਣੀ ਬਚਿਤਰ ਕ੍ਰਿਸ਼ਮਾ ਹੈ ਅਤੇ ਅਚਿੰਤਰ ਦਾਤਿਸਮਾ ਹੈ । ਇਸ ਅਚਿੰਤਰ ਦਾਤਿਸਮੇ ਬਚਿਤਰ ਕ੍ਰਿਸ਼ਮੇ ਦੀ ਕ੍ਰਿਸ਼ਮਣ ਕਲਾ ਦੇ ਤੁਫ਼ੈਲ ਪਰਮਾਤਮ-ਆਨੰਦੀ ਸੁਖ-ਸਹਿਜ ਸਾਗਰ ਵਿਚਿ ਤ੍ਰਿਬੁਡਤਾ ਅਸਥਿਰਤਾ ਹੁੰਦੀ ਹੈ । ਅਭਿਆਸੀ ਜਨ ਦੇ ਅਨਹਦ ਬਾਜੇ ਜਦੋਂ ਬਜਣ ਲਗਦੇ ਹਨ, ਤਦੋਂ ਭੀ ਇਹ ਅਚਿੰਤੇ ਹੀ ਬਜਣੇ ਸ਼ੁਰੂ ਹੁੰਦੇ ਹਨ । ਅਭਿਆਸੀ ਜਨ ਨੂੰ ਪਤਾ ਹੀ ਨਹੀਂ ਲਗਦਾ । ਅਭਿਆਸ-ਮਸਤੀਸੁਰਾਂ ਦੀਆਂ ਸੁਰਤਿ-ਤ੍ਰੰਗੀ ਤਣਾਵਾਂ ਤਾਂ ਸੁਰਤਿ ਦੀ ਅਨੰਦ-ਮਸਤੀ ਵਿਚਿ ਖਿਚੀਆਂ ਰਹਿੰਦੀਆਂ ਹਨ। ਸ਼ਬਦ-ਸੁਰਤੀਸ਼ਰੀ-ਸਾਹਿਬ ਸੱਚਾ ਦਾਤਾਰ ਤ੍ਰੁੱਠ ਕੇ ਅਚਿੰਤੇ ਹੀ ਅਨਹਦ ਬਾਜਿਆਂ ਦੀ ਮੁਰਲੀ ਬਜਾਇ ਦਿੰਦਾ ਹੈ, ਜੋ ਸੁਰਤੇ ਜਨ ਦੇ ਦਸਮ ਦੁਆਰ ਅੰਦਰਿ ਸੁਤੇ ਸੁਭਾਵ ਹੀ ਵਜਣ ਲਗ ਪੈਂਦੀ ਹੈ। ਤਦ ਪਸਚਾਤ ਦਸਮ ਦੁਆਰ ਵਿਖੇ ਹੀ ਗੋਬਿੰਦ ਦੇ ਪ੍ਰਗਟ-ਨਿਸ਼ਾਨੀ 'ਗੂੰਜ' ਗਜਣ ਲਗ ਪੈਂਦੀ ਹੈ । ਗੋਬਿੰਦ-ਨਗਾਰੇ ਦੀ ਇਹ ਗੂੰਜ ਅਤਿ ਸੁਰੀਲੀ ਅਤੇ ਮਸਤੀਲੀ ਹੁੰਦੀ ਹੈ, ਜੋ ਅਭਿਆਸੀ ਜਨ ਦੀ ਸੁਰਤੀ ਨੂੰ ਤਦਾਕਾਰ ਵਾਹਿਗੁਰੂ ਦੇ ਚਰਨਾਂ ਵਿਚ ਜੋੜੀ ਰਖਦੀ ਹੈ। ਹੋਰ ਪਾਸੇ ਮੋੜੀ ਮੁੜਦੀ ਨਹੀਂ ।

**ਅਚਿੰਤ ਹਮਾਰੈ ਮਨੁ ਪਤੀਆਨਾ ॥**
**ਨਿਹਚਲ ਧਨੀ ਅਚਿੰਤੁ ਪਛਾਨਾ ॥**
**ਅਚਿੰਤੋ ਉਪਜਿਓ ਸਗਲ ਬਿਬੇਕਾ ॥**
**ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥**

ਏਥੇ ਪੁਜ ਕੇ ਹੀ "ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ" ਗੁਰਵਾਕ ਦੇ ਭਾਵ ਵਾਲੀ ਨਿਹਚਲ ਪਤਿਆਨੀ ਪਛਾਣ ਧਣੀ ਗੋਬਿੰਦ ਦੀ ਆਉਂਦੀ ਹੈ, ਜਿਸ ਨੂੰ ਪੇਖ ਪਛਾਣ ਕੇ ਮਨ ਵਿਗਸ ਵਿਗਸ ਕੇ ਪਤੀਜਦਾ ਹੈ ਅਤੇ ਆਨੰਦ ਵਿਗਸਾਓ ਵਿਚਿ ਡੁਲ੍ਹ ਡੁਲ੍ਹ ਪੈਂਦਾ ਹੈ । ਇਹ ਅਤਿ ਅਨੂਪਮੀ ਬਵਸਥਾ ਭੀ ਨਿਹਚਲ ਧਣੀ ਗੋਬਿੰਦ ਜੀ ਕਾਮੁਲ ਕਰੀਮ ਕਮਾਲੁਲ ਰਹੀਮ ਦੀ ਅਚਿੰਤ ਦਾਤਿ ਹੈ । ਤਤ ਜਾਣ-ਪਛਾਣ ਵਾਲਾ ਪਰਚੰਡ ਬਿਬੇਕ ਗਿਆਨ ਏਥੇ ਹੀ ਉਪਜਦਾ ਹੈ ਅਤੇ ਅਚਿੰਤੇ ਹੀ ਉਪਜਦਾ ਹੈ । ਏਕੋ ਅਕਾਲ ਪੁਰਖ ਦੀ ਸੱਚੀ ਟੇਕ ਬਿਬੇਕੀ, ਸਗਲ ਬਿਬੇਕ-ਟੇਕੀ, ਸਦਾ ਦਰਸ-ਪਰਸਨੀ ਪਾਰਸ ਵਸਤੂ ਅਚਿੰਤੇ ਹੀ ਆ ਹੱਥਿ ਚੜ੍ਹਦੀ ਹੈ ।

**ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥**
**ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕ ॥**
**ਚਿੰਤ ਅਚਿੰਤਾ ਸਗਲੀ ਗਈ ॥**
**ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥**

ਇਹ ਅਤਿ ਵਡਭਾਗਾ ਧੁਰ ਦਾ ਲੇਖ ਪ੍ਰਭੂ ਪਰਮਾਤਮਾ ਅਚਿੰਤੇ ਹੀ ਆਪਣੇ ਫ਼ਜ਼ਲ-ਕਰਮ ਦੁਆਰਾ ਆਪਣੇ ਫ਼ਜ਼ਲ-ਪਾਤਰੀ ਜਨ ਦੇ ਮਸਤਕ ਉੱਤੇ ਲਿਖ ਦੇਂਦਾ ਹੈ । ਤਾਂ ਤੇ "ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕ" ਦਰਸ-ਪਰਸ-ਪੁਜਾਰੀ ਨੂੰ ਸਪੇਕਸ਼ ਦਰਸ਼ਨ, ਚੁਲੰਭਲੀ ਜੋਤਿ, ਜ਼ੁਲ-ਜਲਾਲੀ, ਹੁਸਨੁਲ-ਜਮਾਲੀ ਇਕੋ ਇਕ ਪੂਜਯ ਪ੍ਰੀਤਮ ਪਰਮਾਤਮਾ ਦੇਵ ਦਾ ਵਸਲ-ਵਸਾਲ


www.AKJ.Org

ਇਉਂ ਅਚਿੰਤੇ ਹੀ ਉਸ ਦੇ ਫ਼ਜ਼ਲ-ਕਮਾਲ ਦੀ ਬਰਕਤ ਨਾਲਿ ਮਿਲਿਆ ਹੋਇਆ ਹੈ। "ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ" ਵਾਲੀ ਮਿਹਰੰਮਤ ਜਦ ਸੰਪੂਰਨਤਾ ਸਹਿਤ ਆਇ ਨਾਜ਼ਲ ਹੁੰਦੀ ਹੈ ਤਦ "ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ" ਦੀ ਧੁੰਨੀ ਵਾਲੇ ਸੋਲਹੇ, ਮਿਹਰੰਮਤੀ-ਨਦਰਿਸ਼ਟਾ-ਜਨ ਗਾਉਂਦਾ ਥਕਦਾ ਨਹੀਂ, ਗਾਈ ਜਾਂਦਾ ਹੈ। ਧੰਨ ਪ੍ਰਭੂ ਪਰਮਾਤਮਾ ਰੂਪ ਗੁਰੂ, ਗੁਰੂ ਨਾਨਕ, ਧੰਨ ਤੇਰੀ ਦਇਆ ਮਇਆ, ਜਿਸ ਦੇ ਮਇਆ-ਮਈ ਫ਼ਜ਼ਲ (ਕਰਮ) ਦੇ ਨਾਲਿ ਹੀ ਇਹ ਨਿਸਚਲ ਅਬਦੀ ਬਵਸਥਾ ਪ੍ਰਾਪਤਿ ਭਈ ਅਤੇ ਅਚਿੰਤ ਹੀ ਸਗਲੀ ਚੜ੍ਹੀ-ਚਿੰਤ ਉਡ ਗਈ।

'ਮਈ' ਦੇ ਅਰਥ ਇਥੇ ਮਇਆ, ਮਿਹਰੰਮਤ ਦੇ ਹਨ। ਮਇਆ, ਦਇਆ, ਫ਼ਜ਼ਲ ਇਕੋ ਅਰਥ ਵਿਚਿ ਹਨ। ਗੁਰੂ ਨਾਨਕ ਦੀ, ਵਾਹਿਗੁਰੂ ਰੂਪ ਸਤਿਗੁਰੂ ਨਾਨਕ ਦੀ, ਖ਼ਾਸ ਵਾਹਿਗੁਰੂ ਪ੍ਰਭੂ ਪਰਮਾਤਮਾ ਦੀ ਮਇਆ ਮਿਹਰੰਮਤ ਹੋਈ। ਮਇਆ ਭਈ ਤਾਂ "ਚਿੰਤ ਅਚਿੰਤਾ ਸਗਲੀ ਗਈ"। ਗੁਰੂ ਨਾਨਕ, ਗੁਰੂ ਕਰਤਾਰ ਮਇਆਵੰਤ, ਦਇਆਵੰਤ ਹੋਏ, ਦਇਆਲ ਕਿਰਪਾਲ ਹੋਏ ਤਾਂ ਸਗਲ 'ਚਿੰਤ' ਅਚਿੰਤਾ ਹੋ ਕੇ ਕਾਫ਼ੂਰ ਹੋ ਗਈ, ਫੰਘ ਲਾ ਕੇ ਉਡ ਗਈ। ਇਸ ਪਦ 'ਮਈ' ਦੇ ਮਇਆ ਫ਼ਜ਼ਲ ਵਾਲੇ ਅਰਥ ਹੀ ਇਸ ਗੁਰ-ਪੰਕਤੀ ਵਿਚ ਹਨ: "ਗੋਬਿੰਦ ਗੋਬਿੰਦ ਗੋਬਿੰਦ ਮਈ"। ਵਾਹਿਗੁਰੂ ਦੀ ਫ਼ਜ਼ਲ-ਕਰੰਮੀ ਮਿਹਰੰਮਤ ਤੇ ਸੁਪ੍ਰਸੰਨ ਹੋ ਕੇ, ਨਿਹਾਲ ਨਿਹਾਲ ਹੋ ਕੇ ਤਿੰਨ ਵਾਰ ਗੋਬਿੰਦ ਗੋਬਿੰਦ ਗੋਬਿੰਦ ਧੰਨਤਾ ਸਹਿਤ ਉਚਾਰਿਆ ਹੈ। ਜੈਸੇ ਕਿ ਧੰਨਤਾ ਸਹਿਤ ਹੀ ਨਿਹਾਲ ਸੁਪ੍ਰਸੰਨ ਹੋ ਕੇ, 'ਨਾਨਕ ਨਾਨਕ ਨਾਨਕ' ਉਚਾਰਿਆ ਗਿਆ ਹੈ। "ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰ ਭਈ" ਗੋਬਿੰਦ ਵਾਹਿਗੁਰੂ ਦੀ ਦਇਆ ਮਇਆ ਨਾਲਿ ਦਇਆਲੂ ਸਤਿਗੁਰੂ ਰੂਪੀ ਸਾਧ ਦਾ ਭੇਟਣਾ ਹੋਇਆ ਅਤੇ ਜਦੋਂ ਤੋਂ ਗੁਰੂ ਨਾਨਕ ਸਰੂਪਾ ਸੱਚੇ ਸਾਧੂ ਸਤਿਗੁਰੂ ਦਾ ਧਾਰਨਾ ਨਸੀਬ ਹੋਇਆ, ਤਬ ਤੇ ਨਿਗੁਰਾ-ਪਣ, ਸਾਕਤਪੁਣਾ ਸਭ ਦੂਰਿ ਹੋ ਗਿਆ ਅਤੇ ਦੁਰਮਤਿ ਮਤਿ ਭੀ ਦੂਰ ਹੋ ਗਈ, ਗੁਰਮਤਿ ਧਾਰਨ ਕਰਨ ਦੇ ਪਰਤਾਪ ਨਾਲਿ ॥

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ]

## ਪੋਥੀ ਪਰਮੇਸਰ ਕਾ ਥਾਨੁ

### ਗੁਰਬਾਣੀ ਦੀਆਂ ਪੋਥੀਆਂ ਦੇ ਸਤਿਕਾਰ ਵਜੋਂ

੧. ਰੁਮਾਲਿਆਂ ਵਿਚ ਵਲ੍ਹੇਟ ਕੇ ਰਖਣਾ ਜ਼ਰੂਰੀ ਹੈ।

੨. ਆਪਣੇ ਗੋਡਿਆਂ ਤੇ, ਅਤੇ ਭੁੰਞੇ ਪੋਥੀ ਰਖਣੀ ਬੇਅਦਬੀ ਹੈ।

੩. ਬਾਣੀ ਜ਼ਬਾਨੀ ਯਾਦ ਕਰ ਕੇ ਪੜ੍ਹੀ ਗਾਵੀ ਜਾਣੀ ਚਾਹੀਦੀ ਹੈ।

੪. ਕੜਾਹ ਪ੍ਰਸ਼ਾਦ ਛਕ ਕੇ ਥਿੰਦੇ ਤੇ ਜੂਠੇ ਹੱਥ ਲਾਉਣੇ ਭਾਰੀ ਭੁੱਲ ਹੈ।

੫. ਗੁਰਬਾਣੀ ਦੇ ਹਰੇਕ ਸਰੂਪ ਦਾ ਹਰ ਸਮੇਂ ਤੇ ਹਰ ਥਾਂ ਪੂਰਨ ਸਤਿਕਾਰ ਕਰਨਾ ਗੁਰਸਿਖ ਦਾ ਫ਼ਰਜ਼ ਬਣਦਾ ਹੈ।



www.AKJ.Org

# ਵਿਗਿਆਨਕ ਖੋਜਾਂ ਤੇ ਗੁਰੂ ਨਾਨਕ-ਬਾਣੀ

[ਵਲੋਂ—ਸ: ਦਲਜੀਤ ਸਿੰਘ ਜੀ, ਪੰਜੋਖਰਾ ਸਾਹਿਬ]

ਯੂਰਪ ਵਿਚ ਜਦੋਂ ਕੂਪਰਨੀਕਸ ਨੇ ਵਿਗਿਆਨਕ ਤੌਰ ਤੇ ਸਿਧ ਕੀਤਾ ਕਿ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ, ਭਾਰਤ ਵਿਚ ਉਸੇ ਵੇਲੇ ਗੁਰੂ ਨਾਨਕ ਦੇਵ ਜੀ ਨੇ "...ਭਾਰੀ ਕਰਾਮਾਤ ਦਿਖਲਾਈ: ਪਾਤਾਲਾ ਪਾਤਾਲ ਲਖ, ਓੜਕ ਭਾਲੀ ਖਬਰ ਸੁਣਾਈ।"

ਫ਼ਲਸਫ਼ਾ ਦੋ ਲੀਹਾਂ ਉਪਰ ਤੁਰਦਾ ਹੈ; ਭੌਤਿਕ ਤਤ (ਮਾਦਾ) ਦੇ ਵਿਸ਼ਲੇਸ਼ਣ ਨਾਲ ਸੰਸਾਰ ਦਾ ਜੋ ਗਿਆਨ ਇਨਸਾਨ ਨੂੰ ਪ੍ਰਾਪਤ ਹੋਇਆ ਹੈ, ਉਹ ਭੌਤਿਕ ਵਿਗਿਆਨ ਕਹਾਉਣ ਲਗਾ। ਇਨਸਾਨ ਨੇ ਜਦੋਂ ਆਪਣੇ ਪੰਜੇ ਇੰਦਰਿਆਂ ਦੀ ਵਰਤੋਂ ਨਾਲ ਬਾਹਰੀ ਸੰਸਾਰ ਦੀਆਂ ਗੁੰਝਲਾਂ ਨੂੰ ਸੁਲਝਾਉਣ ਲਈ ਹੰਭਲੇ ਮਾਰੇ ਤਾਂ ਨਿਯਮਤ ਰੂਪ ਵਿਚ ਭੌਤਿਕ ਵਿਗਿਆਨ ਵਿਚ ਵਾਧਾ ਹੋਣ ਲਗਾ। ਦੂਸਰੇ ਪਾਸੇ ਜਦੋਂ ਇਨਸਾਨ ਨੂੰ ਸਮਝ ਪਈ ਕਿ ਉਸ ਦੇ ਗਿਆਨ ਇੰਦਰਿਆਂ ਦਾ ਦਾਇਰਾ ਬਹੁਤ ਛੋਟਾ ਹੈ ਅਤੇ ਉਸ ਦੇ ਅੰਦਰੋਂ ਅਵਾਜ਼ਾਂ ਉਠੀਆਂ ਕਿ 'ਆਖ਼ਰ ਮੈਂ ਕੀ ਹਾਂ ?' ਤਾਂ ਇਨਸਾਨ ਬ੍ਰਹਿਮੰਡ ਵਿਚ ਅਭੌਤਿਕ ਤਤ (ਰੂਹਾਨੀਅਤ) ਦੀ ਖੋਜ ਕਰਨ ਲੱਗਾ ਅਤੇ ਇਸ ਸੂਖਮ ਤੱਤ ਦੇ ਵਿਸ਼ਲੇਸ਼ਣ ਕਾਰਨ ਅਧਿਆਤਮਵਾਦ ਦਾ ਰਾਹ ਖੁਲ੍ਹਿਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸੇ ਸੂਖਮ ਤਤ ਦਾ ਪ੍ਰਗਟਾਵਾ ਹੈ। ਅਧਿਆਤਮਵਾਦੀ ਦਾ ਉਦੇਸ਼ ਭੌਤਿਕ ਵਿਗਿਆਨ ਦੀ ਤਰੱਕੀ ਨਹੀਂ ਹੁੰਦਾ, ਬਲਕਿ ਉਸ ਦੀ ਖੋਜ ਜਾਂ ਲਭਤ ਭੌਤਿਕ ਸੱਚ ਨਾਲ ਸੁਮੇਲ ਰਖਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬ੍ਰਹਿਮੰਡ ਦੇ ਅਨੇਕਾਂ ਭੇਦਾਂ ਬਾਰੇ ਚਾਨਣਾ ਪਾਇਆ ਮਿਲਦਾ ਹੈ—

'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ',
'ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥'
'ਧਰਤੀ ਹੋਰੁ ਪਰੈ ਹੋਰੁ ਹੋਰੁ॥' (ਜਪੁਜੀ)

ਆਦਿ ਕਥਨ ਅਧੁਨਿਕ ਵਿਗਿਆਨ ਦੀ ਲੱਭਤ ਤੋਂ ਸਦੀਆਂ ਪਹਿਲੇ ਉਚਾਰਨ ਹੋ ਚੁਕੇ ਸਨ। ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਆਧੁਨਿਕ ਖਗੋਲਵੇਤਾਵਾਂ ਦੀਆਂ ਖੋਜਾਂ ਗੁਰੂ ਨਾਨਕ ਦੇਵ ਜੀ ਦੇ ਕਥਨਾਂ ਦੀ ਪੁਸ਼ਟੀ ਕਰਦੀਆਂ ਹਨ। ਹਰ ਗਲੈਕਸੀ (ਤਾਰਿਆਂ ਦਾ ਜਮਘਟਾ) ਜਾਂ ਨੈਬੂਲੇ ਵਿਚ ਦਸ ਕਰੋੜ ਤੋਂ ਦਸ ਅਰਬ ਤਕ ਤਾਰਿਆਂ ਦੀ ਗਿਣਤੀ ਹੈ ਅਤੇ ਸੰਸਾਰ ਦੀਆਂ ਵਡੀਆਂ ਦੂਰਬੀਨਾਂ ਨੇ ਇਨ੍ਹਾਂ ਨੈਬੂਲਿਆਂ ਦੀ ਗਿਣਤੀ ਵੀ ਬਹੁਤ ਦਸੀ ਹੈ। ਇਨਸਾਨੀ ਕਲਪਨਾ ਹੱਦ-ਬੰਦ ਹੈ। ਸਧਾਰਨ ਆਦਮੀ ਇਕ ਲੱਖ ਮੀਲ ਦੀ ਕਲਪਨਾ ਨਹੀਂ ਕਰ ਸਕਦਾ, ਪਰ ਸਾਇੰਸਦਾਨ ਗਵਾਹ ਹਨ ਕਿ ਬ੍ਰਹਿਮੰਡ ਵਿਚ ਕਈ ਸਿਤਾਰਿਆਂ ਤਕ ਅਪੜਨ ਲਈ ੨੦ ਲਖ ਰੌਸ਼ਨੀ-ਸਾਲਾਂ ਦੀ ਜ਼ਰੂਰਤ ਹੈ, ਜਦ ਕਿ ਰੌਸ਼ਨੀ ਦੀ ਰਫ਼ਤਾਰ ਇਕ ਲੱਖ ਛਿਆਸੀ ਹਜ਼ਾਰ ਮੀਲ ਪ੍ਰਤੀ ਸੈਕਿੰਡ ਹੈ। ਇਤਨੀ ਦੂਰੀ ਦੀ ਕਲਪਨਾ ਇਨਸਾਨੀ ਬੁੱਧੀ ਤੋਂ ਬਾਹਰ ਦੀ ਚੀਜ਼ ਹੈ। ਗੁਰੂ ਜੀ ਦਾ ਖ਼ਿਆਲ ਕਿਤਨਾ ਤੱਥ-ਪੂਰਨ ਅਤੇ ਅਟੱਲ ਹੈ ਕਿ—

"ਕਰਤੇ ਕੈ ਕਰਣੈ ਨਾਹੀ ਸੁਮਾਰ॥"

ਆਧੁਨਿਕ ਵਿਗਿਆਨੀ ਇਸ ਖ਼ਿਆਲ ਦੀ ਸਚਾਈ ਦੇ ਕਾਇਲ ਹਨ। ਬ੍ਰਹਿਮੰਡ ਵਿਚ ਮਾਦਾ (Matter) ਬ੍ਰਹਿਮੰਡ ਵਿਚ ਰਵ ਰਹੀ ਤਾਕਤ ਦੇ ਮੁਕਾਬਲੇ ਇਕ ਅੱਤ ਨਿਕਾ ਹਿਸਾ ਹੈ। ਗੁਰੂ ਜੀ ਨੇ ਜਿਥੇ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਨਕਸ਼ਾ ਖਿਚਿਆ ਹੈ, ਉਥੇ ਆਧੁਨਿਕ ਗਿਆਨ ਦੇ ਸਿਧਾਂਤ (The Theory of Epistomology) ਦਾ ਤੱਤ ਵੀ ਕਢ ਦਿਤਾ। ਸ਼ੁਰੂ ਸ਼ੁਰੂ ਵਿਚ ਵਿਗਿਆਨੀ ਬੁੱਧੀ ਦੀ ਪਹੁੰਚ ਨੂੰ ਹੱਦ-ਰਹਿਤ ਮੰਨਦਾ ਸੀ, ਪਰ ਇਹ ਗੱਲ ਤੇ ਬਰਟਰੈਂਡ-ਰਸਲ ਵਰਗੇ ਫ਼ਿਲਾਸਫ਼ਰਾਂ ਨੇ ਵੀ ਮੰਨੀ ਹੈ ਕਿ ਬੁੱਧੀ ਦੀ ਪਹੁੰਚ ਇਕ ਖ਼ਾਸ ਦਾਇਰੇ ਤਕ ਹੈ, ਜਿਸ ਤੋਂ ਉਪਰ ਇਹ ਨਹੀਂ ਉਠ ਸਕਦੀ। ਗੁਰੂ ਜੀ ਨੇ ਬ੍ਰਹਿਮੰਡ ਦੀ


www.AKJ.Org

ਵਿਸ਼ਾਲਤਾ—

"ਅੰਤੁ ਨ ਜਾਪੈ ਕੀਤਾ ਆਕਾਰੁ ॥
ਅੰਤੁ ਨ ਜਾਪੈ ਪਾਰਾਵਾਰੁ ॥" (ਜਪੁਜੀ)
"ਕਰਤੇ ਕੈ ਕਰਣੈ ਨਾਹੀ ਸੁਮਾਰ ॥"

ਆਦਿ ਜਿਹੇ ਅਟੱਲ ਕਥਨਾਂ ਨਾਲ ਦਰਸਾਈ ਹੈ ਅਤੇ ਨਾਲ ਹੀ ਇਨਸਾਨੀ ਬੁੱਧੀ ਦੀ ਪਹੁੰਚ ਬਾਰੇ ਅਸਚਰਜ ਭਰੀ ਵਿਗਿਆਨਕ ਸਚਾਈ ਦਸੀ ਹੈ—

ਇਹੁ ਅੰਤ ਨਾ ਜਾਣੈ ਕੋਇ ॥
ਬਹੁਤਾ ਕਹੀਐ ਬਹੁਤਾ ਹੋਇ ॥
ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥ (ਜਪੁਜੀ)

ਬੁੱਧੀ ਕਾਲ, ਦੇਸ਼ ਆਦਿ ਦੀਆਂ ਹੱਦਾਂ ਵਿਚ ਵਿਚਰਦੀ ਹੈ ਅਤੇ ਅਸੀਂ ਇਸ ਬੁੱਧੀ ਨਾਲ ਕਿਸੇ ਅਜਿਹੀ ਵਸਤੂ ਨੂੰ ਕਿਆਸ ਨਹੀਂ ਕਰ ਸਕਦੇ, ਜੋ ਇਹਨਾਂ ਹੱਦਾਂ ਤੋਂ ਰਹਿਤ ਹੋਵੇ । ਇਸ ਤਰ੍ਹਾਂ ਗੁਰੂ ਜੀ ਨੇ ਫ਼ਲਸਫ਼ੇ ਦੀ ਇਕ ਅਹਿਮ ਸਮੱਸਿਆ ਦਾ ਹੱਲ ਦਿਤਾ ਕਿ ਚੇਤੰਨਤਾ, ਜੋ ਬੁੱਧੀ ਦੀ ਹੱਦ ਤੋਂ ਪਰੇ ਹੈ; ਉਸ ਨੂੰ "ਕਾਗਦ ਕਲਮ ਨਾ ਲਿਖਣਹਾਰ" ਹੈ, ਭਾਵ ਉਹ ਗਿਆਨ ਇੰਦਰਿਆਂ ਦੇ ਦਾਇਰੇ ਵਿਚ ਕਤਈ ਨਹੀਂ ਆ ਸਕਦੀ । ਇਥੇ ਆ ਕੇ ਭੌਤਿਕ ਵਿਗਿਆਨੀ ਦੀ ਫੂਸ ਹੋ ਜਾਂਦੀ ਹੈ ।

ਪਾਲ ਡਸਨ (Paul dusson) ਨੇ ਆਪਣੀ ਕਿਤਾਬ (The Elements of Meta physics) ਵਿਚ ਲਿਖਿਆ ਹੈ ਕਿ ਇਹ ਦ੍ਰਿਸ਼ਟਮਾਨ ਪਸਾਰਾ ਕੇਵਲ ਨਜ਼ਰ ਦਾ ਧੋਖਾ ਹੈ । ਸਦੀਆਂ ਪਹਿਲਾਂ ਪਲੈਟੋ (plato) ਨੇ ਵੀ ਇਸ ਦੁਨੀਆ ਨੂੰ ਪ੍ਰਛਾਵਿਆਂ ਦੀ ਦੁਨੀਆ ਆਖਿਆ ਸੀ । ਇਮੂਅਲ ਕਾਂਤ (Immuel Kant) ਨੇ "The Critique of Pure Reason" ਵਿਚ ਬਹੁਤ ਦਿਲਚਸਪ ਦਲੀਲਾਂ ਨਾਲ ਦਰਸਾਇਆ ਹੈ ਕਿ ਦ੍ਰਿਸ਼ਟਮਾਨ ਦੀ ਅਸਲੀਅਤ ਇਹ ਨਹੀਂ, ਜੋ ਨਜ਼ਰ ਆਉਂਦੀ ਹੈ । ਇਸ ਅਧਿਆਤਮਵਾਦੀ ਫ਼ਲਸਫ਼ੇ ਦਾ ਤੱਤ ਗੁਰੂ ਜੀ ਨੇ—

'ਕੂੜੁ ਰਾਜਾ ਕੂੜੁ ਪਰਜਾ, ਕੂੜੁ ਸਭੁ ਸੰਸਾਰੁ ॥'
[ਆਸਾ ਦੀ ਵਾਰ

ਇਹੁ ਜਗੁ ਧੂਏ ਕਾ ਪਹਾਰੁ ॥
ਤੈ ਸਾਚਾ ਮਾਨਿਆ ਕਿਹ ਬੀਚਾਰਿ ॥
[ਬਸੰਤ ਮ: ੯

ਵਿਚ ਪ੍ਰਗਟ ਕੀਤਾ ਹੈ । ਪਰ ਗੁਰੂ ਜੀ ਨੇ ਸਿਧਾਂਤ ਨੂੰ ਇਥੇ ਹੀ ਬੰਦ ਨਹੀਂ ਕਰ ਦਿਤਾ । ਉਨ੍ਹਾਂ ਅਨੁਸਾਰ ਇਨਸਾਨ ਜਦ ਤਕ ਵੀ ਭੌਤਿਕ ਸੰਸਾਰ ਵਿਚ ਵਿਚਰਦਾ ਹੈ, ਉਸ ਦਾ ਸੰਸਾਰਕ ਜੀਵਨ ਵੀ ਸੁਖੀ ਅਤੇ ਸ਼ਾਂਤ ਹੋਣਾ ਚਾਹੀਦਾ ਹੈ । ਗੁਰੂ ਜੀ ਖ਼ੁਦ ਇਕ ਵਡੇ ਸਮਾਜ-ਸੁਧਾਰਕ ਅਤੇ ਸਮਾਜਵਾਦੀ ਸਨ । ਮਾਰਕਸ ਦੇ ਪਦਾਰਥਵਾਦੀ ਫ਼ਲਸਫ਼ੇ ਦਾ ਜੇ ਡੂੰਘਾ ਅਧਿਐਨ ਕੀਤਾ ਜਾਏ ਤਾਂ ਆਖ਼ਰ ਵਿਚ ਇਸ ਦੀ ਕੜੀ ਅਧਿਆਤਮਵਾਦ ਨਾਲ ਮਿਲ ਜਾਂਦੀ ਹੈ । ਇਸ ਤਰ੍ਹਾਂ ਪਦਾਰਥਵਾਦ ਅਤੇ ਅਧਿਆਤਮਵਾਦ, ਜੋ ਸਵੈ-ਵਿਰੋਧੀ ਦਿਸਦੇ ਹਨ, ਦਾ ਅਦਭੁੱਤ ਸੁਮੇਲ ਹੋ ਜਾਂਦਾ ਹੈ । ਗੁਰੂ ਜੀ ਜਦੋਂ ਕਾਦਰ ਦੀ ਕੁਦਰਤ ਦੀ ਸਲਾਹੁਤਾ ਕਰਦੇ ਹਨ ਤਾਂ ਇਹ ਦ੍ਰਿਸ਼ਟਮਾਨ, ਜੋ ਨਜ਼ਰ ਦਾ ਧੋਖਾ ਵੀ ਹੈ, ਕੂੜ ਵੀ ਹੈ, ਇਕ ਅਸਲ ਸਚਾਈ ਵੀ ਬਣ ਜਾਂਦਾ ਹੈ । ਜਿਵੇਂ :

'ਕੁਦਰਤਿ ਦਿਸੈ ਕੁਦਰਤਿ ਸੁਣੀਐ,
ਕੁਦਰਤਿ ਭਉ ਸੁਖਸਾਰੁ ॥
ਕੁਦਰਤਿ ਪਾਤਾਲੀ ਆਕਾਸੀ,
ਕੁਦਰਤਿ ਸਰਬ ਆਕਾਰ ॥'

ਇਸ ਲਈ ਗੁਰਬਾਣੀ ਵਿਚ "ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥" ਤੇ 'ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ' ਦੇ ਉਦੇਸ਼ ਦਰਸਾਏ ਹਨ । ਇਸ ਤਰ੍ਹਾਂ ਗੁਰੂ ਨਾਨਕ ਦਾ ਸਿੱਖ ਇਕੋ ਵੇਲੇ ਪੂਰਨ ਪਦਾਰਥਵਾਦੀ ਅਤੇ ਪੂਰਨ ਅਧਿਆਤਮਵਾਦੀ ਹੈ, ਭਾਵ ਪੂਰਨ ਪੁਰਸ਼ ਹੈ । ਪਰ ਇਸ ਕੜੀ ਨੂੰ ਸਮਝਣਾ ਅਤ ਕਠਨ ਹੈ, ਇਹ ਇਸੇ ਕੜੀ ਦੀ ਬੇ-ਸਮਝੀ ਹੈ, ਜਿਥੇ ਆ ਕੇ ਆਸਤਕ ਅਤੇ ਨਾਸਤਕ ਦਾ ਝਗੜਾ ਸ਼ੁਰੂ ਹੁੰਦਾ ਹੈ ਤੇ ਫ਼ਲਸਫ਼ੇ ਦੀ ਦੁਪਾਸੀ ਵੰਡ ਹੁੰਦੀ ਹੈ ।

'ਬ੍ਰਹਿਮੰਡ ਦੀ ਉਤਪਤੀ ਕਿਵੇਂ ਹੋਈ ?' ਇਕ ਬਹੁਤ ਹੀ ਬਹਿਸ-ਮੁਬਾਹਸੇ ਦਾ ਪ੍ਰਸ਼ਨ ਹੈ । ਪ੍ਰਮਾਣੂਆਂ


www.AKJ.Org

ਅਤੇ ਬਿਜਲਾਣੂਆਂ ਦੀ ਖੋਜ ਤੋਂ ਪਹਿਲਾਂ ਵਿਗਿਆਨ ਦੀ ਸਮੱਸਿਆ ਮਾਦਾ (Matter) ਸੀ, ਪਰ ਹੁਣ ਵਿਗਿਆਨ ਦੀ ਸਮੱਸਿਆ ਉਹ ਸ਼ਕਤੀ ਹੈ, ਜੋ ਪ੍ਰਮਾਣੂਆਂ ਤੇ ਬਿਜਲਾਣੂਆਂ ਵਿਚ ਰਵ ਰਹੀ ਹੈ । ਦੁਨੀਆ ਦੇ ਲਗ-ਪਗ ਹਰ ਧਰਮ ਨੇ ਇਹ ਮੰਨਿਆ ਹੈ ਕਿ ਬ੍ਰਹਿਮੰਡ ਦੀ ਰਚਨਾ ਪ੍ਰਮਾਤਮਾ ਨੇ ਖ਼ੁਦ ਕੀਤੀ ਹੈ, ਪਰ ਇਸ ਕਥਨ ਦਾ ਕੋਈ ਵਿਗਿਆਨਕ ਅਧਾਰ ਕਿਸੇ ਧਰਮ ਵਿਚ ਨਹੀਂ । ਪਰ ਗੁਰੂ ਜੀ ਨੇ ਵਿਗਿਆਨਕ ਅਧਾਰ ਤੇ ਸ੍ਰਿਸ਼ਟੀ ਦੀ ਰਚਨਾ ਬਾਰੇ ਚਾਨਣਾ ਪਾਇਆ ਹੈ । ਮਾਰੂ ਸੋਲਹਿਆਂ ਵਿਚ ਗੁਰੂ ਜੀ ਨੇ ਇਸ ਸਮੱਸਿਆ ਦਾ ਹੱਲ ਦਸਿਆ ਹੈ —

'ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨਾ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ,
ਸੁੰਨ ਸਮਾਧਿ ਲਗਾਇਦਾ ॥'
[ਮਾਰੂ ਮ: ੧

"ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ ॥"
"ਸੁੰਨਹੁ ਉਪਜੀ ਸੁੰਨਿ ਸਮਾਣੀ ॥"

ਇਥੇ ਆ ਕੇ ਬੌਧਿਕਤਾ ਦਾ ਅੰਤ ਹੋ ਜਾਂਦਾ ਹੈ। ਗੁਰੂ ਜੀ ਦਾ ਇਸ਼ਾਰਾ ਕਿਸੇ ਅਜਿਹੀ ਅਜਬ ਅਵਸਥਾ ਵਲ ਹੈ, ਜਦੋਂ ਚੇਤੰਨਤਾ ਵਿਚੋਂ ਮਾਦੇ ਦੀ ਉਤਪਤੀ ਹੁੰਦੀ ਹੈ । "ਅਰਬਦ ਨਰਬਦ ਧੁੰਧੂਕਾਰੇ" ਦੀ ਸਥਿਤੀ ਜਿਥੇ ਮਾਦੇ ਦਾ ਤੱਤ ਰੂਪ ਬਦਲ ਜਾਂਦਾ ਹੈ, ਭਾਵ ਨਾ ਉਹ ਸਥਿਤੀ ਪੂਰਨ ਅਣਹੋਂਦ (Absolute Nothingness) ਅਤੇ ਨਾ ਹੀ ਪੂਰਨ ਹੋਂਦ ਦੀ ਸਥਿਤੀ ਹੁੰਦੀ ਹੈ, ਜਿਥੇ ਹੋਂਦ ਵਿਚ ਅਣਹੋਂਦ ਅਤੇ ਅਣਹੋਂਦ ਵਿਚ ਹੋਂਦ ਲੁਕੀ ਹੋਈ ਹੁੰਦੀ ਹੈ । ਅਸੀਂ ਅਜਿਹੀ ਸਥਿਤੀ ਦੀ ਕਲਪਨਾ ਨਹੀਂ ਕਰ ਸਕਦੇ, ਕਿਉਂਕਿ ਸਾਡੀ ਬੁੱਧੀ ਮਾਦੇ ਦੀ ਗੁਲਾਮ ਹੈ ਅਤੇ ਮਾਦੇ ਦਾ ਇਹ ਰੂਪ ਉਹ ਤੱਤ ਰੂਪ ਨਹੀਂ, ਜੋ ਸ੍ਰਿਸ਼ਟੀ ਦੀ ਉਤਪਤੀ ਵੇਲੇ ਸੀ । ਇਸ ਭੇਦ ਦੀ ਸਮਝ ਬੌਧਿਕਤਾ ਦੀਆਂ ਹੱਦਾਂ ਤੋਂ ਉਪਰ ਉਠ ਕੇ ਅਤੇ ਮਾਦੇ ਤੋਂ ਅਜ਼ਾਦ ਹੋ ਕੇ ਹੀ ਹੋ ਸਕਦੀ ਹੈ । ਇਸ ਤਰ੍ਹਾਂ 'ਸੁੰਨ ਸਮਾਧਿ ਲਗਾਇਦਾ......" ਭਾਵ ਜਦੋਂ ਅਸਲ ਤੱਤ ਰੂਪ ਚੇਤੰਨਤਾ ਜਿਹੜੀ ਖ਼ੁਦ 'ਸੁੰਨ ਸਮਾਧਿ' ਵਿਚ ਹੁੰਦੀ ਹੈ, ਹਰਕਤ (Motion) ਵਿਚ ਹੋ ਜਾਂਦੀ ਹੈ ਤਾਂ ਮਾਦੇ ਦਾ ਤੱਤ ਰੂਪ ਬਦਲ ਜਾਂਦਾ ਹੈ ਅਤੇ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ ਅਤੇ ਸਾਰੇ ਦਾ ਸਾਰਾ ਮਾਦਾ ਹਰਕਤ ਵਿਚ ਆ ਜਾਂਦਾ ਹੈ। ਵਿਗਿਆਨ ਦਾ ਸਭ ਤੋਂ ਘਟ ਬਹਿਸ ਵਾਲਾ ਨਿਯਮ ਦਸਦਾ ਹੈ ਕਿ ਸ੍ਰਿਸ਼ਟੀ ਲਗਾਤਾਰ ਖ਼ਤਮ ਹੁੰਦੀ ਜਾ ਰਹੀ ਹੈ,ਇਸ ਤਰ੍ਹਾਂ ਇਹ ਸ੍ਰਿਸ਼ਟੀ ਦੁਬਾਰਾ ਮੁੜ ਕੇ'ਅਰਬਦ ਨਰਬਦ ਧੁੰਧੂਕਾਰੇ' ਦੀ ਸਥਿਤੀ ਵਿਚ ਪਹੁੰਚ ਜਾਏਗੀ ਅਤੇ ਫਿਰ ਉਸੇ ਤਰ੍ਹਾਂ ਸ੍ਰਿਸ਼ਟੀ ਦੀ ਉਤਪਤੀ ਹੋਏਗੀ । ਇਸ ਦੀ ਪੁਸ਼ਟੀ ਸ੍ਰੀ ਗੁਰੂ ਅਰਜਨ ਦੇਵ ਜੀ ਕਰਦੇ ਹਨ — ਕਈ ਬਾਰ ਪਸਰਿਓ ਪਸਾਰ' (ਸੁਖਮਨੀ) । ਇਸ ਸਿਧਾਂਤ ਨੂੰ ਸਮਝਣ ਲਈ ਐਲਬਰਟ ਆਈਨਸਟੀਨ ਦਾ ਸਾਪੇਖਤਾ ਦਾ ਸਿਧਾਂਤ ਬਹੁਤ ਸਹਾਇਤਾ ਕਰਦਾ ਹੈ । ਫਿਰ ਵੀ ਇਸ ਸਿਧਾਂਤ ਉਪਰ ਡੂੰਘੀ ਖੋਜ ਦੀ ਜ਼ਰੂਰਤ ਹੈ । ਗੁਰਬਾਣੀ ਕਲਾ ਨੂੰ ਸਮਝਣਾ ਇਕ ਅੱਤ ਕਠਨ ਕੰਮ ਹੈ ਅਤੇ ਜਿਸ ਨੇ ਇਸ ਨੂੰ ਅਨੁਭਵ ਕੀਤਾ, ਉਹ ਬ੍ਰਹਮ-ਗਿਆਨੀ ਖ਼ੁਦ ਪ੍ਰਮੇਸ਼ਰ ਰੂਪ ਬਣ ਜਾਂਦਾ ਹੈ । ਆਧੁਨਿਕ ਵਿਗਿਆਨ ਦੇ ਨਿਯਮਾਂ ਦੀ ਸਮਝ ਗੁਰਬਾਣੀ ਲਈ ਇਕ ਮਹਾਨ ਆਦਰ ਉਪਜਾਉਂਦੀ ਹੈ । ਗੁਰੂ ਜੀ ਦੀ 'ਸੁੰਨ' ਕੋਈ ਪੂਰਨ ਅਣਹੋਂਦ ਦੀ ਸਥਿਤੀ ਨਹੀਂ ਬਲਕਿ ਮਾਦੇ ਦੇ ਇਕ ਅਣ-ਬੁਝ ਰੂਪ ਨੂੰ ਦਰਸਾਉਂਦੀ ਹੈ ।

'ਖੰਡ ਬ੍ਰਹਿਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ ॥'
'ਆਪੇ ਕੁਦਰਤਿ ਕਰਿ ਕਰਿ ਦੇਖੈ
ਸੁੰਨਹੁ ਸੁੰਨ ਉਪਾਇੰਦਾ ॥'
[ਮਾਰੂ ਸੋਲਹੇ

ਵੀਹਵੀਂ ਸਦੀ ਵਿਚ ਮਨੋ-ਵਿਗਿਆਨ ਦੇ ਦਾਇਰੇ ਵਿਚ ਵੀ ਕਈ ਇਕ ਨਵੀਆਂ ਖੋਜਾਂ ਨੇ ਪੁਰਾਤਨ-ਅਧਿਆਤਮਵਾਦੀ ਫ਼ਿਲਾਸਫ਼ਰਾਂ ਦੀਆਂ ਖੋਜਾਂ ਦੀ ਪੁਸ਼ਟੀ ਕਰਨ ਵਲ ਕਦਮ ਵਧਾਏ ਹਨ । ਪ੍ਰੋ: ਰਾਈਨ ਨੇ ਆਪਣੀ ਪੁਸਤਕ 'The Reach of Mind" ਵਿਚ ਇਹ ਸਿਧ ਕੀਤਾ ਹੈ ਕਿ ਚੇਤੰਨਤਾ ਦਾ ਮਾਦੇ ਉਪਰ ਸਿੱਧਾ ਪ੍ਰਭਾਵ ਪੈਂਦਾ ਹੈ । ਇਸ ਦਾ ਭਾਵ ਇਹ ਵੀ ਹੋ ਸਕਦਾ ਹੈ ਕਿ ਪ੍ਰਮਾਣੂਆਂ ਤੇ ਬਿਜਲਾਣੂਆਂ ਵਿਚ ਜੋ ਸ਼ਕਤੀ ਰਵ ਰਹੀ


www.AKJ.Org

ਹੈ ਉਹੀ ਸ਼ਕਤੀ ਚੇਤੰਨਤਾ ਵਿਚ ਹੈ। ਇਸ ਤਰ੍ਹਾਂ ਮਾਦੇ ਦਾ ਅਸਲ ਤੱਤ ਵੀ 'ਸ਼ਕਤੀ' ਹੈ ਅਤੇ ਚੇਤੰਨਤਾ ਦਾ ਸਿਧਾ ਪ੍ਰਭਾਵ ਮਾਦੇ ਉਪਰ ਪਾਇਆ ਜਾ ਸਕਦਾ ਹੈ। ਪਾਲ ਗੋਲਡਨ (Paul Golden) ਨੇ ਆਪਣੀ ਕਿਤਾਬ 'The Sixth Sense' ਵਿਚ ਕਈ ਅਦਭੁੱਤ ਤਜਰਬੇ ਲਿਖੇ ਹਨ। ਇਸ ਤਰ੍ਹਾਂ ਸੁਰਤ ਵਿਚ ਇਤਨੀ ਚੇਤੰਨਤਾ ਪੈਦਾ ਹੋ ਸਕਦੀ ਹੈ ਕਿ ਸੱਚ ਤਕ ਸਿਧਾ ਪਹੁੰਚ ਜਾਵੇ (direct approach to the Truth)। ਇਸੇ ਤਰ੍ਹਾਂ ਚੇਤੰਨਤਾ ਬੌਧਿਕਤਾ ਦੀਆਂ ਹੱਦਾਂ ਪਾਰ ਕਰ ਜਾਂਦੀ ਹੈ। ਇਹ ਹੈ ਮਨ ਬਾਰੇ ਨਵੀਨ ਖੋਜ। ਇਸੇ ਤਰ੍ਹਾਂ ਇਹ ਵੀ ਸਿਧ ਕੀਤਾ ਜਾ ਚੁਕਾ ਹੈ ਕਿ ਮਨ ਵਿਚ ਇਕਾਗਰਤਾ ਵਧਣ ਨਾਲ ਮਨ ਵਿਚ ਦਿਬ-ਦ੍ਰਿਸ਼ਟੀ ਪੈਦਾ ਹੋ ਜਾਂਦੀ ਹੈ ਅਤੇ ਉਸ ਵਿਚ ਗਿਆਨ-ਇੰਦਰਿਆਂ ਤੋਂ ਬਗੈਰ ਗਿਆਨ-ਪਰਾਪਤੀ ਦੀ ਤਾਕਤ ਆ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਸਚਾਈਆਂ ਬਹੁਤ ਹੀ ਸਿਧੇ ਸਾਦੇ ਲਫ਼ਜ਼ਾਂ ਵਿਚ ਜਪੁਜੀ ਸਾਹਿਬ ਵਿਚ ਅੰਕਤ ਕੀਤੀਆਂ ਹਨ :

"ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਨ ਕੀ ਸੁਧਿ ॥"

ਇਹ 'ਸੁਧਿ' ਉਹ ਬੁਧੀ ਹੈ ਜੋ ਗਿਆਨ ਨਾਲ ਸਿਧੇ ਤੌਰ ਤੇ ਵਾਕਫ਼ੀ ਕਰਦੀ ਹੈ, ਭਾਵ ਸੱਚ ਨਾਲ ਸਿੱਧਾ ਮੇਲ ਕਰਦੀ ਹੈ। ਇਸ ਲਈ ਕਾਲ ਅਤੇ ਦੇਸ਼ ਦੀਆਂ ਹੱਦਾਂ ਦੀ ਕੋਈ ਮਹੱਤਤਾ ਨਹੀਂ। ਗੁਰੂ ਜੀ ਦੀ ਇਹ 'ਸੁਧਿ' ਪਛਮੀ ਫ਼ਿਲਾਸਫ਼ਰ ਬਰਗਸਨ ਦੀ Intuition (ਅਨੁਭਵੀ ਗਿਆਨ) ਦਾ ਉੱਤਮ ਰੂਪ ਹੈ। ਬਰਗਸਨ ਨੇ ਤਾਂ ਇਥੋਂ ਤਕ ਕਿਹਾ ਕਿ ਸਾਰੇ ਫ਼ਲਸਫ਼ੇ ਦੀ ਖੋਜ Intuition ਦੇ ਆਧਾਰ ਤੇ ਹੋਣੀ ਚਾਹੀਦੀ ਹੈ। ਡਾ: ਰਾਈਨ ਨੇ ਇਸ ਨੂੰ ਗਿਆਨ ਇੰਦਰਿਆਂ ਤੋਂ ਬਾਹਰਾ ਗਿਆਨ (Extra Sensory Perception) ਕਿਹਾ ਹੈ। ਇਸ ਤੱਥ ਦੀ ਪ੍ਰੋੜ੍ਹਤਾ ਲਈ ਡਾ: ਜੰਗ ਦੀਆਂ ਖੋਜਾਂ ਦਾ ਅਧਿਐਨ ਵੀ ਮਹੱਤਵ-ਪੂਰਨ ਹੈ। ਇਸ 'ਸੁਧਿ' ਬਾਰੇ ਸਾਮਵਾਦੀ ਰੂਸ ਵਿਚ ਵੀ ਡੂੰਘਾਈ ਅਤੇ ਵਡੇ ਪੈਮਾਨੇ ਤੇ ਖੋਜ ਹੋ ਰਹੀ ਹੈ। ਰੂਸੀ ਮਨੋ-ਵਿਗਿਆਨੀ ਇਸ ਦੇ ਬਹੁਤ ਕਾਇਲ ਹਨ।

ਮਨ ਦੀ ਇਕਸਾਰਤਾ ਵਿਚ ਜੋ ਤਾਕਤ ਹੈ, ਆਧੁਨਿਕ ਸਦੀ ਵਿਚ ਇਸ ਤੇ ਵੀ ਬਹੁਤ ਖੋਜ ਹੋਈ ਹੈ। ਡਾ: ਰਾਈਨ ਨੇ ਇਹ ਸਿਧ ਕੀਤਾ ਹੈ ਕਿ ਮਨ ਦੀ ਇਕਾਗਰਤਾ ਵਧਣ ਨਾਲ ਮਾਦੇ ਤੇ ਸਿਧਾ ਪ੍ਰਭਾਵ ਪਾਇਆ ਜਾ ਸਕਦਾ ਹੈ। ਆਧੁਨਿਕ ਟੈਲੀਪੈਥੀ (Telepathy) ਨੇ ਸਾਨੂੰ ਇਹ ਵੀ ਦਰਸਾਇਆ ਹੈ ਕਿ ਮਨ ਵਿਚੋਂ ਸਦਾ ਵਿਚਾਰ-ਤਰੰਗਾਂ (Thought Waves) ਨਿਕਲਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਇਕ ਮਨ ਦੂਸਰੇ ਮਨ ਦੇ ਵਿਚਾਰਾਂ ਨੂੰ ਜਾਣ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਸਚਾਈ ਨੂੰ ਬਹੁਤ ਪਹਿਲਾਂ ਬਿਆਨਿਆ—

"ਗੁਪਤੁ ਪ੍ਰਗਟੁ ਸਭ ਜਾਣੀਐ
ਜੇ ਮਨੁ ਰਾਖੈ ਠਾਇ ॥"
[ਸਿਰੀ ਰਾਗ ਮ: ੧

'ਮਨਿ ਜੀਤੈ ਜਗੁ ਜੀਤੁ ॥' (ਜਪੁਜੀ)

ਗੁਰੂ ਨਾਨਕ ਦੇਵ ਜੀ ਦੀਆਂ ਬਿਆਨੀਆਂ ਸਚਾਈਆਂ ਦੀ ਪ੍ਰੋੜ੍ਹਤਾ ਹੁਣ ਵਿਗਿਆਨੀ ਕਰ ਰਿਹਾ ਹੈ। ਗੁਰਬਾਣੀ ਵਿਗਿਆਨਕ ਤੱਥਾਂ ਦਾ ਭੰਡਾਰਾ ਹੈ। ਪਰ ਅਫ਼ਸੋਸ ਕਿ ਗੁਰਬਾਣੀ ਦੇ ਇਸ ਪੱਖ ਨੂੰ ਅਜੇ ਤਕ ਅਸੀਂ ਅੱਖੋਂ ਓਹਲੇ ਹੀ ਕਰਦੇ ਆਏ ਹਾਂ। ਆਧੁਨਿਕ ਯੁਗ ਸਾਇੰਸ ਦਾ ਯੁਗ ਹੈ ਅਤੇ ਹਰ ਇਨਸਾਨ ਦੇ ਮਨ ਤੇ ਸਾਇੰਸ ਦਾ ਪ੍ਰਭਾਵ ਹੈ। ਇਹ ਮਨੁਖੀ ਮਨ ਲਈ ਇਕ ਸਿਹਤ ਭਰਿਆ ਸੰਦੇਸ਼ ਹੈ। ਇਨਸਾਨ ਜਿਤਨਾ ਵਿਗਿਆਨ ਦੇ ਜ਼ਿਆਦਾ ਨਜ਼ਦੀਕ ਹੁੰਦਾ ਹੈ, ਉਤਨੀ ਹੀ ਹੈਰਾਨੀ ਉਸ ਦੀ, ਕਾਦਰ ਦੀ ਕੁਦਰਤ ਵਲ ਵਧਦੀ ਹੈ ਅਤੇ ਉਸ ਹੈਰਾਨੀ ਵਿਚ ਬ੍ਰਹਮ-ਅੰਸ਼ ਦੀ ਉਜਾਗਰਤਾ ਹੁੰਦੀ ਹੈ। ਹੁਣ ਅਧਿਆਤਮਵਾਦ ਤੇ ਵਿਗਿਆਨ ਸਵੈ-ਵਿਰੋਧੀ ਨਹੀਂ, ਬਲਕਿ ਇਕ ਦੂਸਰੇ ਦੇ ਸਹਾਇਕ ਹਨ ਤੇ ਇਕ ਦੂਸਰੇ ਦੀ ਤਰੱਕੀ ਦੇ ਹਾਮੀ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਦਿਬ ਲੋਇਣਾਂ ਨਾਲ ਪ੍ਰਾਕ੍ਰਿਤੀ ਦੀ ਮੂਲ ਸ਼ਕਤੀ ਨੂੰ ਵੇਖਿਆ ਤੇ ਅਨੁਭਵ ਕੀਤਾ, ਜੋ ਚੇਤੰਨ ਹੈ ਅਤੇ ਇਹ ਦ੍ਰਿਸ਼ਟਮਾਨ ਉਸੇ ਦਾ ਵਿਸਥਾਰ ਹੈ—

ਜੇਤਾ ਸਬਦ ਸੁਰਤਿ ਧੁਨਿ ਤੇਤੀ,
ਜੇਤਾ ਰੂਪ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ,
ਅਵਰ ਨਾ ਦੂਜਾ ਕਹਉ ਮਾਈ ॥
[ਆਸਾ ਮਹਲਾ ੧

—o—



www.AKJ.Org

# ਰੰਗ ਕਰਤਾਰ ਦੇ

[ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਆਪ ਜੀ ਦੀ ਇਹ ਕਵਿਤਾ ਡੂੰਘੇ ਪ੍ਰਮਾਰਥੀ ਰੰਗਾਂ ਵਿਚ ਰੰਗੀ ਹੋਈ ਹੈ। ਇਹ ਕੱਤਕ ਪੂਰਨਮਾਸ਼ੀ ੨ ਨਵੰਬਰ ੧੯੩੩ ਦੇ ਗੁਰਪੁਰਬ ਸਮੇਂ ਲਿਖੀ ਗਈ ਸੀ। ਇਸ ਵਿਚ ਦਰਸ਼ਨਾਂ ਦਾ ਅਧਭੁਤ ਨਜ਼ਾਰਾ ਨਾਮ-ਰਸ ਦੀ ਮਉਜ ਵਿਚ ਵਰਨਣ ਕੀਤਾ ਹੋਇਆ ਹੈ।

ਸਰਦ ਸਿਸਰ ਆਈ ਰੁਤ ਸੁਖਦਾਈ ਮਾਹਿ, ਅਸੁਨ ਕੱਤਕ ਵਗੀ ਪਉਣ ਮਲਗਾਰਨੀ।
ਗੰਧ ਮਲਿਆਗਰੀ, ਪਵਨ ਰਤਨਾਗਰੀ, ਅਰਸ਼ ਸੁਖਸਾਗਰੀ ਮਹਿਕ ਮਹਿਕਾਰਨੀ।
ਸੁਗੰਧ ਵਿਸਥਾਰਨੀ, ਸੁਛੰਦ ਸੁਧ-ਸਾਰਨੀ, ਅਨੰਦ ਉਮਗਾਰਨੀ, ਚਲੀ ਸੁ-ਮੰਦ ਬਾਰਨੀ।
ਮੰਦ ਮੰਦ ਸੀਤਲ ਸੁਗੰਧਨੀ ਪਵਨ ਚਲੀ, ਪ੍ਰੇਮ ਪੁਲਕਾਰਨੀ ਸੁ-ਹੀਆ ਹੁਲਸਾਰਨੀ।੧।

ਪ੍ਰੇਮ ਪੁਲਕਤ ਹੁਲਸਤ ਹੀਆ ਹੁੰਮਿ ਹੁੰਮਿ, ਝੂੰਮਿ ਝੂੰਮਿ ਝੁਲਣ ਝਕੋਲੇ ਪਵਨਾਰ ਦੇ।
ਰੁੰਮਿ ਰੁੰਮਿ ਰੁਮਕਣਿ ਅੰਗ ਅੰਗ ਅੰਙਣੇ ਦੇ, ਰੋਮਿ ਰੋਮਿ ਰੁਮਕਣਿ ਤਰੰਗ ਕਬਿਤਾਰ ਦੇ।
ਅਨਭਵੌਂ ਉਤਰੰਨਿ ਅਨਦ ਉਲਾਸ ਛੰਦ, ਠਲ੍ਹਦੇ ਨ ਵੇਗ ਅਨਭਵੀ ਵਿਗਸਾਰ ਦੇ।
ਵਿਗਸਿ ਵਿਗਸਿ ਕਾਵ-ਚੰਦਨੀ ਕਪਾਟ ਖੁਲ੍ਹੇ, ਸੋਹਿਲੇ ਗਾਵਨ ਹਿਤ ਗੁਰੂ ਅਵਤਾਰ ਦੇ।੨।

ਗੁਰੂ ਅਵਤਾਰ-ਆਗਮਨ ਦੇ ਦਿਵਸ ਆਏ, ਅਚਰਜ ਰੰਗ ਬਣੇ ਰੁੱਤਿ ਦੀ ਬਹਾਰ ਦੇ।
ਰੁਤਿ ਦੀ ਬਹਾਰ ਸੰਗਿ ਅਚਰਜ ਰੰਗ ਬਣੇ, ਆਤਮ-ਉਲਾਸ-ਤਰੰਗ ਮਉਜ ਮਲਵਾਰ ਦੇ।
ਮਉਲਿ ਮਉਲਿ ਆਤਮ-ਉਮਾਹ ਕਾਂਗ ਸਾਂਗ ਉਠੀ, ਔਖੇ ਹੋਏ ਝੱਲਣੇ ਝਲਾਰ ਉਮਗਾਰ ਦੇ।
ਉਮਗਿ ਉਮਗਿ ਰਸ ਝਰਨੇ ਝਰਨ ਲੱਗੇ, ਜਰਨ ਕਠਨ ਝਨਕਾਰ ਝਲਕਾਰ ਦੇ।੩।

ਜੋਤਿ ਝਲਕਾਰ ਝਰਨਾਰ ,ਤਾਰ ਬੱਝੀ, ਚੰਭੁਕ ਚਮਕਾਰ ਗੁਰੂ ਨਾਨਕ ਦੀਦਾਰ ਦੇ।
ਚੰਭੁਕ ਚਮਤਕਾਰ ਦਿਬ ਦਰਸਾਰਿਆਂ ਦੇ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।
ਜੋਤਿ ਰੰਗਿ ਰੱਤਾ ਮੇਰਾ ਚੋਲੜਾ ਚਲੂਲ ਭਇਆ, ਵੂਠੜੇ ਬਿਸਮ ਰੰਗ ਢੋਲੜੇ ਭਤਾਰ ਦੇ।
ਢੋਲੜੇ ਭਤਾਰ ਸਤਿਗੁਰੂ ਕਰਤਾਰ, ਗੂੜ੍ਹ, ਗੱਚ ਰੱਚ ਚੋਲੜੇ ਮਜੀਠੜੇ ਰੰਗਾਰ ਦੇ।੪।

ਲਾਲ ਰੰਗ ਲਗੜਾ ਚੁਲੰਭ ਪਾਰਸੰਗੜਾ, ਚੁਲੰਭੜਨ ਚੋਜ ਨਾਮ ਪਾਰਸ ਅਪਾਰ ਦੇ।
ਪਾਰਸ ਅਪਾਰ ਨਾਮ ਪਾਰਸ ਅਕਲ ਕਲਾ, ਦਾਤਿ-ਜੋਤਿ-ਗੱਫੇ ਗੁਰੂ ਨਾਨਕ ਦਾਤਾਰ ਦੇ।
ਧੁਰਿ ਦਰਗਾਹ ਕਰਤਾਰ ਦੇ ਅਗੰਮ ਗੱਫੇ, ਆਣਿ ਵਰਤਾਏ ਗੁਰੂ ਵਿਚਿ ਸੰਸਾਰ ਦੇ।
ਪਾਰਸ ਪਰਸ ਮੇਰੀ ਦੇਹੁਰੀ ਕੰਚਨ ਭਈ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।੫।

ਰੰਗ ਕਰਤਾਰ ਦੇਖਿ ਦੇਖਿ ਕੇ ਮੈਂ ਦੰਗ ਭਈ, ਨਦਰ ਕਰੰਮੀ ਕ੍ਰਿਸ਼ਮੇ ਨੇ ਨਿਰੰਕਾਰ ਦੇ।
ਨਾਮ ਰੰਗ ਲਾਇ ਮੇਰੇ ਅੰਦਰੇ ਹੀ ਆਇ ਵੁੱਠੇ, ਦਗਨ ਦਗਾਏ ਰੂਪ ਬਿਮਲ ਜੋਤਾਰ ਦੇ।
ਜੋਤਿ ਦੀਪ ਘਟਿ ਉਜਿਆਰ ਛਬਿ ਲਟਿ ਲਟਿ ਜਗਨ ਜਗਾਏ ਦੀਵੇ ਨੂਰ ਦਰਸਾਰ ਦੇ।
ਖਾਕ ਨੂਰ ਕਰਦਮ ਪਾਕ ਪਰਬੀਨ ਗੁਰਿ, ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।੬।

ਤਾਰ ਦਿਤੇ ਬਾਬੇ ਚਾਰ ਚੱਕ ਨਵਖੰਡ ਦੀਪ, ਭਵਜਲੋਂ ਪਾਰ ਕੀਤੇ ਬੇੜੇ ਭਗਤਾਰ ਦੇ।
ਭਗਤਿ ਭਜਨ ਕੀਰਤਨ ਰਸ ਰੰਗ ਰਤੇ, ਭਗਤ ਰਸਾਲੇ ਭੌਰੇ ਗੁਰ ਚਰਨਾਰ ਦੇ।
ਚਰਨ ਅਰਬਿੰਦ ਮਕਰੰਦੀਏ ਭਵਰ ਤਾਰੇ, ਰਸ ਮਗਨੰਦ ਲਿਵ ਅੰਮ੍ਰਿਤ ਧਾਰ ਦੇ।
ਨਾਮ ਲਿਵ ਲਾਇ ਮਗਨਾਇ ਬਿਸਮਲ ਕੀਏ ਦੇਖ ਮੇਰੇ ਜੀਅੜੇ ਤੂੰ ਰੰਗ ਕਰਤਾਰ ਦੇ।੭।

www.AKJ.Org

ਅਲਖ ਨਿਰੰਜਨ ਅਕਾਲ ਜਾਇ ਲਖਿਆ ਨਾ, ਕੋਟ ਅਵਤਾਰ ਈਸ ਪੱਚਿ ਪੱਚਿ ਹਾਰਦੇ।
ਬਿਸਨ ਅਵਤਾਰ ਲਖ ਬ੍ਰਹਮੇ ਮਹੇਸ਼ ਲਖ, ਲਖਨ ਨਮਿਤ ਲਖ ਜਤਨ ਚਿਤਾਰਦੇ।
ਕੋਟ ਜੋਗੀ ਜਤੀ ਤਪੀ ਲਖ ਨ ਸਕਾਹਿ ਗਤਿ, ਕੋਟ ਜੋਗ ਜਪ ਤਪ ਜੁਗਤਿ ਵਿਚਾਰਦੇ।
ਸੋ ਅਲੱਖ ਰੂਪ ਗੁਰਿ ਨਾਨਕ ਲਖਾਇ ਦੀਨਾ, ਘਟ ਹੀ ਮਝਾਰ ਦੇਖ ਰੰਗ ਕਰਤਾਰ ਦੇ।੮।

ਅਲਖ ਲਖਾਇ ਫੁਨ ਅਜਰ ਜਰਾਇ, ਸਾਖਸ਼ਾਤ ਦਰਸਾਏ ਰੂਪ ਸਿਰਜਨਹਾਰ ਦੇ।
ਸੈਭੰ ਅਨੂਪ ਰੂਪ ਅਦੁਤ ਅਰੂਪ ਰੂਪ, ਸੁੰਦਰ ਸਰੂਪ ਦਿਬ ਤੱਤ ਸੰਸਾਰ ਦੇ।
ਦਿਬ ਜੋਤਿ ਜਾਗਤ ਲਤੀਫ਼ ਤੱਤ ਅੰਸ ਰੂਪ, ਸਾਂਗੋ ਪਾਂਗ ਦਰਸ਼ਨ ਸਾਖਸ਼ਾਤ ਕਾਰ ਦੇ।
ਪੁਰਖ ਅਕਾਲ ਪਰਤੱਖ ਪ੍ਰਗਟਾਇ ਗੁਰਿ, ਨਾਨਕ ਦਿਖਾਇ ਰਿਦ ਰੰਗ ਕਰਤਾਰ ਦੇ।੯।

ਜਨਮ ਮਰਨ ਦੋਹੂਅਨ ਮਾਹਿ ਨਾਹਿ ਜਨ, ਅਵਤਰਿ ਆਇ ਹਿਤ ਪਰ-ਉਪਕਾਰ ਦੇ।
ਜੀਅ-ਦਾਨ ਦੇਇ ਭਾਇ-ਭਗਤਿ ਦ੍ਰਿੜਾਇ ਦੇਣ, ਓੜਕ ਮਿਲਾਇ ਲੈਣ ਸੰਗਿ ਕਰਤਾਰ ਦੇ।
ਮਾਨੁਖ ਤੇ ਦੇਵਤੇ ਬਣਾਇ ਦੇਣ ਖਿਨ ਮਾਹਿ, ਜਿਨ ਪਰ ਗੁਰੂ ਜਨ ਨਦਰ ਨਿਹਾਰਦੇ।
ਹਾਰਦੇ ਨ ਮਾਨੁਖ ਜਨਮ ਜਿਣ ਜਾਣਿ ਜਗਿ, ਦੇਖ ਲੋ ਪ੍ਰਤੱਖ ਰੰਗ ਗੁਰੂ ਕਰਤਾਰ ਦੇ।੧੦।

ਨਾਮੁ ਨਿਰਬਾਣੁ ਕਲਿਆਣਕਾਰੀ ਕਲੀ ਮਾਂਹਿ, ਸਤੁ, ਜਗੁ, ਪੂਜਾ, ਧਰਮ ਹੋਰਤ ਜੁਗਾਰ ਦੇ।
ਕਲਜੁਗਿ ਕੇਵਲ ਪ੍ਰਧਾਨ ਕੀਰਤਨ ਨਾਮੁ, ਹੋਰਤ ਉਪਾਉ ਕੂੜ ਜੀਵਨ ਉਧਾਰ ਦੇ।
ਸਚੋ ਸਚ ਹੋਇ ਚੌਹਾਂ ਜੁਗਾਂ ਦਾ ਨਿਬੇੜਾ ਹੁਣ, ਵਾਕ ਪਰਪਾਕ ਸੱਚੇ ਗੁਰ ਬਚਨਾਰ ਦੇ।
ਅਚਰਜ ਸਾਂਗ ਵਰਤਣਿ ਵਿਚਿ ਕਲਜੁਗ, ਦੇਖੀ ਚਲ ਜੀਅੜੇ ਤੂੰ ਰੰਗ ਕਰਤਾਰ ਦੇ।੧੧।

'ਸਤਿਗੁਰ ਬਾਣੀ'ਸਤਿ ਸਤਿ ਕਰਿ ਮਾਨਹੁ ਸਿਖਹੁ ਬਚਨ ਇਹ ਖ਼ਾਸ ਸਿਰੀ ਗੋਬਿੰਦ ਮੁਖਾਰ ਦੇ।
ਸਰਧਾ ਸਿਦਕ ਗੁਰਬਾਣੀ ਤੇ ਯਕੀਨ ਲਿਆਓ, ਬੇੜੇ ਪਾਰ ਸਰਧਾ ਸਿਦਕਵੰਤਾਰ ਦੇ।
ਸਤਿਗੁਰ ਬਚਨ ਹੁਕਮ ਹਰਿ ਕਰਤੇ ਦੇ, ਹੁਕਮ ਹਜ਼ੂਰੀ ਸਚੇ ਧੁਰ ਦਰਬਾਰ ਦੇ।
ਹੁਕਮ ਰਜ਼ਾਈ ਚਲਿ ਸਫਲ ਜਨਮ ਕਰਹੁ, ਫੇਰ ਦੇਖਹੁ ਲਗਣ ਕੀ ਰੰਗ ਕਰਤਾਰ ਦੇ।੧੨।

ਹੁਕਮ-ਰਜਾਈ ਚਲੇ ਜਿਹੜਾ ਨ ਸਿਖ, ਤਿਸ ਹੁਕਮ ਉਲੰਘੇ ਸਭ ਸਿਖੀ ਅਧਿਕਾਰ ਦੇ।
ਸਿਖ ਸਦਵਾਉਣ ਦੇ ਗੁਆਏ ਅਧਿਕਾਰ ਤਿਸ, ਹੁਕਮ ਨ ਮੰਨੇ ਜਿਨਿ ਸਚੀ ਸਰਕਾਰ ਦੇ।
ਸਿਫ਼ਤ ਸਲਾਹ ਸਿਰ ਹੁਕਮਾਂ ਹੁਕਮ ਸਚਾ, ਬਾਰ ਬਾਰ ਸ੍ਰੀ ਗੁਰੂ ਗ੍ਰੰਥ ਜੀ ਪੁਕਾਰਦੇ।
ਪਾਤਸ਼ਾਹੀ ਪਾਤਸ਼ਾਹ ਸਿਫ਼ਤ-ਸਾਲਾਹੀ ਜਨੁ, ਤਿਸ ਤੇ ਚੜਨ ਘੁੱਗ ਰੰਗ ਕਰਤਾਰ ਦੇ।੧੩।

ਆਤਮ ਸੁਰੰਗ ਰੰਗਿ ਸਹਿਜ ਰੰਗੀਜੇ ਹੋਏ, ਜੋਇ ਅਨੁਸਾਰੀ ਖੰਡੇਧਾਰੀ ਸੱਚੀ ਕਾਰ ਦੇ।
ਹੁਕਮ-ਰਜਾਈ ਅਨੁਸਾਰਤਾ ਬਿਹੂਣ, ਦਾਅਵੇ ਖਾਰਜ ਸਮੂੰਹ ਹੋਏ ਸਿਖੀ ਦਾਅਵੇਦਾਰ ਦੇ।
ਨਾਮ ਤੋਂ ਬਿਮੁਖ ਜੋਇ ਸਿਖੀ ਤੋਂ ਦੁਰਾਡੇ ਸੋਇ ਅਗੇ ਜਾਇ ਠੇਡੇ ਖਾਣ ਜਮ ਜੰਦਾਰ ਦੇ।
ਸੁਆਸਿ ਸੁਆਸਿ ਨਾਮ ਅਭਿਆਸ ਰਸ ਮਾਣੇ ਜਿਨ ਮਾਣੇ ਤਿਨਿ ਵਾਸਤਵੀ ਰੰਗ ਕਰਤਾਰ ਦੇ।੧੪।

ਨਾਮ ਦੀ ਕਮਾਈ ਕਰਿ ਗਏ ਪੰਨੇ ਪਏ ਸੋਈ, ਸੋਈ ਭਏ ਭਾਗੀ ਗੁਰੂ ਨਾਨਕ ਭੰਡਾਰ ਦੇ।
ਭਏ ਨਿਰੰਕਾਰੀ ਸੰਸਾਰੀਓਂ ਸੱਚੇ ਭੰਡਾਰੀ, ਖੁਲ੍ਹੜੇ ਖਜ਼ਾਨੇ ਨਿਧਿ ਨਾਮ ਸਿਧਿ ਸਾਰ ਦੇ।
ਰਲਿ ਮਿਲਿ ਖਾਇ ਖਰਚਾਇ ਨਾਹਿ ਤੋਟ ਆਇ ਵਧਦੇ ਸਦਾਇ ਤੋਸ਼ੇ ਦਿੱਤ ਖਸਮਾਰ ਦੇ।
ਲੰਗਰ ਚਲਾਇ ਗੁਰ-ਸ਼ਬਦ ਕਮਾਈਆਂ ਦੇ, ਈਹਾਂ ਊਹਾਂ ਮਾਣੇ ਤਿਨਿ ਰੰਗ ਕਰਤਾਰ ਦੇ।੧੫।


www.AKJ.Org

ਰੰਗ ਪ੍ਰਮਾਰਥਾਂ ਦੇ ਸੱਚੇ ਸ਼ੁਭ ਸੁਆਰਥਾਂ ਦੇ, ਮਾਣਿ ਪਰਧਾਨ ਭਏ ਸਾਰ ਪਾਕਸਾਰ ਦੇ।
ਪਾਕਸਾਲ ਅਮਰ ਪਦਾਰਥੀ ਪੁਨੀਤ ਘਾਲ, ਵਿਰਸੇ ਵਸੂਕ ਨਰ ਨਾਰ ਬਸ਼ਰਾਰ ਦੇ।
ਸਾਂਝੀਵਾਲ ਸਭੇ ਹੀ ਨਿਰੰਜਨੀ ਰਸਾਇਣਾਂ ਦੇ, ਗੁਰਮੁਖ ਕਿਸੇ ਤਾਈਂ ਨਾਂਹਿ ਦੁਰਕਾਰਦੇ।
ਪ੍ਰਗੜੇ ਪੁਰਖਿ ਧੁਰਿ ਮੰਜ਼ਲੀ ਰਸਾਈਆਂ ਦੇ, ਲਖਨ ਪੇਖਨ ਸਾਰੇ ਰੰਗ ਕਰਤਾਰ ਦੇ।੧੬।

ਧੰਨ ਗੁਰਦੇਵ ਗੁਰ ਨਾਨਕ ਗੋਬਿੰਦ ਰੂਪ, ਸਦਕੇ ਹਜ਼ਾਰ ਬਾਰ ਤੇਰੇ ਉਪਕਾਰ ਦੇ।
ਚਾਰ ਕੂੰਟ ਚੌਦਾਂ ਹੂੰ ਭਵਨ ਮਹਿ ਰਟਨ ਕਰਿ, ਭਰਿ ਭਰਿ ਪਿਆਇ ਅਮੀ ਪਿਆਲੜੇ ਪਿਆਰ ਦੇ।
ਸੱਚੜਾ ਪਿਆਰ ਗੁਰ ਨਾਨਕ ਦਇਆਰ ਤੇਰਾ, ਲੱਦੜੇ ਸਗਲ ਨਰ ਤੇਰੇ ਸਤਿਕਾਰ ਦੇ।
ਹਰਮਨ-ਪਿਆਰਾ ਗੁਰ ਨਾਨਕ ਨਿਰੰਕਾਰ, ਤੈਂ ਹੀ ਆਸ਼ਕਾਰ ਕੀਤੇ ਰੰਗ ਕਰਤਾਰ ਦੇ।੧੭।

ਬਨੀ ਇਨਸਾਨ ਤੇ ਅਸੰਖ ਅਹਿਸਾਨ ਤੇਰੇ, ਲਖ ਲਖ ਬਾਰ ਤਨ ਮਨ ਸਭ ਵਾਰਦੇ।
ਉੱਤਰੇ ਨਾ ਭਾਰ ਤਾਂ ਭੀ ਤੇਰੇ ਉਪਕਾਰ ਕੇਰਾ, ਸਦਾ ਸਦਾ ਰਿਣੀ ਅਸੀਂ ਤੇਰੜੀ ਨਸਾਰਦੇ।
ਸਾਰਦੇ ਨ ਕੁਛ ਜੇ ਨਸਾਰਦੇ ਸਰਬੰਸ ਅਗੇ, ਤੇਰੜੀ ਨਸਾਰ ਦਾਈਏ ਤੁੱਛ ਸਗਲਾਰਦੇ।
ਪੁਰਬ ਦਿਹਾਰ ਯਾਦਗਾਰੀ ਤੁਛ ਭੇਟਾ ਵਜਹੂੰ, ਅੱਜ ਚੰਦ ਛੰਦ ਤੇਰੀ ਨਜ਼ਰ ਗੁਜ਼ਾਰਦੇ।੧੮।

ਨਜ਼ਰ ਗੁਜ਼ਾਰਿ ਅਸੀਂ ਤਕਦੇ ਤੁਹਾਰੀ ਓਰ, ਭੀਖਕ ਭਿਖਾਰੀ ਹੋਇ ਤੇਰੜੇ ਦੁਆਰ ਦੇ।
ਦੁਆਰੜੇ ਖਲੋਇ ਕਰਿ ਬੰਦਨ ਨਮਸਕਾਰ, ਆਜਜ਼ੀ ਸਹਿਤ ਇਕ ਅਰਜ਼ ਗੁਜ਼ਾਰਦੇ।
ਦ੍ਰਿਸ਼ਟ ਅਗੋਚਰਾ ਨ ਹੋਇ ਦਿੱਬ ਰੂਪ ਤੇਰਾ, ਰੌਸ਼ਨ ਰਹਿਣ ਦੀਪ ਜੋਤਿ ਗੁਲਜ਼ਾਰ ਦੇ।
ਰੌਸ਼ਨ ਚਰਾਗ ਨੂਰ ਤੇਜਸੀ ਅਮਰ ਬਾਗ, ਹਿਰਦੇ ਜਗਨ ਜੋਤਿ ਰੰਗ ਕਰਤਾਰ ਦੇ।੧੯।

ਅੰਮ੍ਰਿਤ ਵੇਲੇ ਅੱਜ ਟੁੰਮ ਕੇ ਜਗਾਇਆ ਮੋਹਿ, ਚੁੰਮਣ ਚੁਮਾਏ ਗੁਰ ਚਰਨ ਢੁਲਾਰ ਦੇ।
ਚਰਨ ਕਮਲ ਦਲ ਮੌਜ ਮਸਤੌਜ ਹੁਇ, ਅਮਲ ਖਿੜਾਏ ਅਮੀ ਦਰਸ ਖੁਮਾਰ ਦੇ।
ਚੜ੍ਹੀਆਂ ਖੁਮਾਰੀਆਂ ਝੁਲਾਰੀਆਂ ਝਲਕ ਦੀਆਂ, ਡੱਲਕਣ ਨੂਰ ਮੁਖ ਰੰਗਲ ਗੁਲਾਰ ਦੇ।
ਰੰਗਲ ਗੁਲਾਰੇ ਮੁਖ ਨੂਰ ਡਲਕਾਰੇ ਨੈਨ, ਲਗਨ ਟਟਾਰੇ ਦੇਖਿ ਰੰਗਿ ਕਰਤਾਰ ਦੇ।੨੦।

ਲਗਨ ਟਟਾਰੇ ਨੈਨ ਮਗਨ ਮੁਰਾਰੇ, ਲੈਣ ਅਨਦ-ਹੁਲਾਰੇ ਗ਼ੈਨ ਅਮਰ ਅਟਾਰ ਦੇ।
ਅਮਰ ਅਟਾਰੇ ਖੁਲ੍ਹੇ ਦਸਮ ਦੁਆਰੇ, ਘੁਰੇ ਗਗਨ ਨਗਾਰੇ ਅਨਹਦ ਘੁਮਕਾਰ ਦੇ।
ਗਗਨ ਘੁਮੱਕੇ, ਅਨਹਦ ਬਬਰੱਕੇ, ਜੋਤਿ ਦਾਮਨ ਦਮੱਕੇ ਦਮਕਾਰ ਬਿਜਲਾਰ ਦੇ।
ਬੀਜਲ ਜੋਤਾਰ ਨਭਿ ਨਾਭ ਇਕਸਾਰ ਜੱਗੇ, ਕਉਤਕ ਕਟਾਖੀ ਡਿਠੇ ਰੰਗ ਕਰਤਾਰ ਦੇ।੨੧।

ਚਾਂਦਨੀ ਪਸਰ ਰਹੀ ਧਰਤ ਸੁਵੰਨੀ ਭਈ, ਰਤਨ ਜੜੰਨੇ ਉਤੇ ਸਗਰੀ ਸੇਜਾਰ ਦੇ।
ਰਤਨ ਨਗੀਨੜੇ ਜੰਗਾਏ ਜਗਮਗ ਹੀਰੇ, ਅਘੜ ਘੜਾਏ ਗਹਿਣੇ ਜੋਤਿ ਜਗਨਾਰ ਦੇ।
ਜੁਗਨੂ ਜੜੰਨੇ ਜੋਤਿ ਅਘੜ ਘੜੰਨੇ, ਹਥਿ ਹੀਰੜੇ ਚੜੰਨੇ ਨਿਰਮੋਲਕ ਕੀਮਾਰ ਦੇ।
ਕੀਮੀਆ ਅੰਕੀਮ, ਕੀਮ ਪਾਰਜਾਤ ਮਾਤ ਕੀਨ, ਕਹਿਨ ਕਥੰਨ ਹੀਨ ਰੰਗ ਕਰਤਾਰ ਦੇ।੨੨।

ਭਜਨ ਭੋਜਨ ਚੂਰੇ ਕੀਰਤਨ ਨਾਦ ਪੂਰੇ, ਕਿਰਨ ਠਰੂਰੇ ਤੂਰੇ ਵਜਨਿ ਤੁਖਾਰ ਦੇ।
ਤਪਤ ਬੁਝਾਈ ਰੁਤਿ ਸੀਤਲ ਤੁਖਾਰ ਆਈ, ਵਜੜੀ ਵਧਾਈ ਗਾਏ ਮੰਗਲ ਮਲ੍ਹਾਰ ਦੇ।
ਮੰਗਲ ਮਨਾਏ ਮਿਲਿ ਸੋਹਿਲੜੇ ਗਾਏ, ਗੁਰ ਨਾਨਕ ਜਗਤ ਆਏ ਭੁਜ ਭਗਤਾਰ ਦੇ।
ਭੁਜ ਭਗਤਨ ਅਸਧੁਜ ਧਰਮਨ ਧੁਜਿ, ਪੀਰਾਂ ਸਿਰ ਪੀਰ ਸਿਰਮੌਰ ਔਲੀਆਰ ਦੇ।੨੩।*



www.AKJ.Org

# ਨਿਰਬਾਣ ਕੀਰਤਨ

## ( ਇਤਿਹਾਸਕ ਜਾਣ-ਪਛਾਣ )

[ਵਲੋਂ—ਗਿਆਨੀ ਹਰਬੰਸ ਸਿੰਘ ਜੀ, 11F/25, ਸੈਕਟਰ 23-A, ਚੰਡੀਗੜ੍ਹ]

ਸੂਹੀ ਮਹਲਾ ੫ ॥
ਕਰਮ ਧਰਮ ਪਾਖੰਡ ਜੋ ਦੀਸਹਿ,
ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ,
ਸੋ ਗੁਰਪਰਸਾਦੀ ਤਰੀਐ ॥੧॥ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ,
ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ,
ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ,
ਇਨ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ,
ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ,
ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ,
ਘਟਿ ਘਟਿ ਨਾਨਕ ਮਾਝਾ ॥
[ਪੰ: ੭੪੭

ਸੁਰ, ਲੈਅ ਅਤੇ ਤਾਲ ਭਾਵ ਰਾਗ ਸਹਿਤ ਜਾਂ ਰਾਗ ਤੋਂ ਰਹਿਤ ਕੇਵਲ ਸਿਧੀਆਂ ਧਾਰਨਾਂ ਉਤੇ ਗਾਇਨ ਕੀਤੀ ਗਈ ਗੁਰਬਾਣੀ ਨੂੰ ਸਿਖ ਧਰਮ ਵਿਚ ਕੀਰਤਨ ਦਾ ਨਾਉਂ ਦਿਤਾ ਜਾਂਦਾ ਹੈ । ਇਕ ਰਸ ਵਿਚ ਕੀਤਾ ਕੀਰਤਨ ਜਿਹੜਾ ਗੁਰਮੁਖ ਸਰੋਤਿਆਂ ਦੀ ਸੁਰਤਿ ਨੂੰ ਆਕਰਖਣ ਕਰ ਕੇ ਆਪਣੇ ਪ੍ਰੀਤਮ ਨਾਲ ਜੋੜ ਦੇਵੇ ਉਸ ਨੂੰ 'ਅੰਮ੍ਰਿਤ ਕੀਰਤਨ' ਆਖਿਆ ਜਾਂਦਾ ਹੈ । ਜਿਸ ਕੀਰਤਨ ਵਿਚ ਮੇਰ-ਤੇਰ, ਮਾਇਕ ਪ੍ਰਭਾਵ, ਮਾਣ-ਤਾਣ, ਸੰਸਾਰਕ ਪ੍ਰਯੋਜਨ ਦੀ ਪੂਰਤੀ ਲਈ ਕੋਈ ਮੰਗ ਨਹੀਂ ਹੁੰਦੀ ਅਤੇ ਕਰਤਾ ਪੁਰਖ ਜੀ ਨੂੰ ਹਾਜ਼ਰਾ ਹਜ਼ੂਰ ਸਮਝ ਕੇ ਭੈ-ਭਾਵਨੀ ਸਹਿਤ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ, ਇਹ 'ਨਿਰਬਾਣ ਕੀਰਤਨ' ਦਾ ਲਖਾਇਕ ਹੈ । 'ਨਿਰਬਾਣ' ਆਤਮਕ ਮੰਡਲ ਦੀ ਇਕ ਉਹ ਅਵਸਥਾ ਹੈ ਜਿਥੇ ਦੁਖ-ਸੁਖ, ਹਰਖ-ਸੋਗ, ਸੋਨਾ-ਮਿੱਟੀ ਹਰੇਕ ਵਸਤੂ ਸਮਾਨ ਭਾਸਦੀ ਹੈ । ਉਥੇ—

ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥
ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤੁ ਕਥਾ ਕਹੈ ਸਦਾ ਦਿਨੁ ਰਾਤੀ,
ਅਵਰਾ ਆਖਿ ਸੁਣਾਵਣਿਆ ॥੨॥
[ਪੰ: ੧੧੮

ਵਾਲੀ ਆਤਮਕ ਖੇਡ ਦਾ ਵਰਤਾਰਾ ਵਰਤਦਾ ਹੈ । ਇਸ ਕੀਰਤਨ ਦੀ ਸੋਝੀ ਹਰੇਕ ਜਗਿਆਸੂ ਨੂੰ ਨਹੀਂ ਹੁੰਦੀ, ਕੇਵਲ ਅੰਮ੍ਰਿਤ ਦੇ ਵਪਾਰੀ ਹੀ ਨਿਰਬਾਣ ਕੀਰਤਨ ਦੇ ਰਸ ਨੂੰ ਭੁੰਚਦੇ ਹਨ । ਇਹ ਅਜਿਹਾ ਕੀਰਤਨ ਹੈ ਜਿਸ ਵਿਚ ਕੀਰਤਨੀਆ ਅਤੇ ਸਰੋਤਾ ਦੋਵੇਂ ਸ਼ਬਦ ਸੁਰਤਿ ਦੇ

---

*ਜ਼ਾਹਰਾ ਜ਼ਹੂਰ ਸਦਾ ਹਾਜ਼ਰਾ ਹਜ਼ੂਰ, ਐਨ ਨੂਰੀਆਂ ਦੇ ਨੂਰ ਹੋ ਸੂਰਜ ਸੂਰਜਾਰ ਦੇ ।
ਘਟਿ ਘਟਿ ਭਰਪੂਰ ਦੂਰ ਭਗਤਾਂ ਤੋਂ ਕਦੇ ਨਾਹਿ, ਅੰਗ ਸੰਗ ਸਦਾ ਨਿਜ ਸਿਖ ਸੇਵਾਦਾਰ ਦੇ ।
ਭਗਤਨ ਟੇਕ ਸੰਤਾਂ ਆਸਾਰਾ ਤੂੰ ਏਕ, ਸੁਧਾ ਸਾਗਰ ਬਿਬੇਕ, ਸੋਮੇ ਗਿਆਨ ਤਤਸਾਰ ਦੇ ।
ਸਾਹਿਬ ਸਿਫ਼ਾਤ ਮੁਅਜਜ਼ੂਮ ਮੁਅਜਜ਼ਾਤ, ਮਕਰੂਮ ਕਰਾਮਾਤ ਨੂਰ ਹੱਕ ਅਨਵਾਰ ਦੇ ।੨੪।
[ਪੁਸਤਕ 'ਦਰਸ਼ਨ ਝਲਕਾਂ' ਵਿਚੋਂ



www.AKJ.Org

ਅਭਿਆਸ ਦੁਆਰਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੇ ਹਨ। ਇਹ ਕੀਰਤਨ ਪਾਪਾਂ ਰੂਪ ਮੈਲ ਨੂੰ ਕੱਟ ਦੇਂਦਾ ਹੈ ਅਤੇ ਮਨੁੱਖੀ ਮਨ ਦ੍ਰਵ ਜਾਂਦਾ ਹੈ। ਅਜਿਹੇ ਵਿਸਮਾਦੀ ਕੀਰਤਨ ਦੀ ਲਖਤਾ ਗੁਰਮਤਿ-ਮੰਡਲ ਦੇ ਵਸਨੀਕਾਂ ਨੂੰ ਹੁੰਦੀ ਹੈ ਅਤੇ ਉਹ ਓਤਿ-ਪੋਤਿ ਨਾਮ ਵਿਚ ਰੱਤੇ ਰਹਿੰਦੇ ਹਨ।

ਗੁਰਮਤਿ-ਮੰਡਲ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਵੀ ਸੰਸਾਰ ਵਿਚ ਕੀਰਤਨ ਸੀ, ਪਰ ਉਸ ਕੀਰਤਨ ਦੀ ਰੂਪ-ਰੇਖਾ ਕੁਝ ਹੋਰ ਸੀ। ਜਿਸ ਤਰ੍ਹਾਂ ਮਨੁੱਖਾਂ ਦੀ ਮਨੋਕਲਪਤ ਕੱਚੀ ਬਾਣੀ ਸੀ, ਉਸੇ ਤਰ੍ਹਾਂ ਨੱਚਣ-ਟੱਪਣ ਵਾਲੀ ਸੰਗੀਤਕਾਰੀ ਵੀ ਬੇ-ਰਸੀ ਜਿਹੀ ਸੀ, ਕਿਉਂਕਿ ਰਾਸਧਾਰੀਆਂ ਅਤੇ ਭਗਤੀਆਂ ਦੇ ਫ਼ਿਰਕਿਆਂ ਨੇ ਕੀਰਤਨ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾ ਰਖਿਆ ਸੀ ਜਿਵੇਂ ਕਿ ਆਸਾ ਕੀ ਵਾਰ ਵਿਚ ਅੰਕਿਤ ਹੈ:—

ਰੋਟੀਆ ਕਾਰਣਿ ਪੂਰਹਿ ਤਾਲ ॥
ਆਪੁ ਪਛਾੜਹਿ ਧਰਤੀ ਨਾਲਿ ॥

[ਪੰ: ੪੬੫

ਸੋ ਅਜਿਹੇ ਪਖੰਡ ਦਾ ਪ੍ਰਭਾਵ ਉਸ ਸਮੇਂ ਦੇ ਕੀਰਤਨ ਉਤੇ ਪੈਣਾ ਵੀ ਅਵੱਸ਼ਕ ਸੀ। ਗੁਰੂ ਬਾਬਾ ਜੀ ਨੇ ਨਿਰੰਕਾਰ ਜੀ ਨੂੰ ਰੀਝਾਉਣ ਲਈ ਨਿਰਬਾਣ ਕੀਰਤਨ ਦੀ ਜੁਗਤੀ ਸਿਖਾਂ ਨੂੰ ਸਿਖਾਈ। ਭਗਤ-ਮਾਲਾ ਵਿਚ 'ਮਾਲੋ ਅਤੇ ਮਾਂਗਾ' ਦੋ ਸਿਖਾਂ ਦੀ ਸਾਖੀ ਇਸ ਗੱਲ ਦੀ ਪ੍ਰਤੀਕ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ਕੇਵਲ ਮਰਦਾਨਾ ਰਬਾਬੀ ਹੀ ਕੀਰਤਨੀਆ ਨਹੀਂ ਸੀ ਸਗੋਂ ਬਾਬਾ ਜੀ ਦੇ ਵਰੋਸਾਏ ਹੋਏ ਹੋਰ ਸਿਖ ਵੀ ਕੀਰਤਨ ਦੀ ਦਾਤ ਨੂੰ ਭੁੰਚਦੇ ਸਨ। ਇਸ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ-ਫਲ ਦੀ ਮਹਿਮਾ ਨੂੰ ਵੀ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਾਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:—

"ਤੁਸਾਂ ਬਚਨ ਕੀਤਾ ਹੈ ਜੁ ਕਰਮ ਸੁਗਮ ਹੈ ਕਥਾ ਕੀਰਤਨ ਤੇ ਫਲੁ ਵਡਾ ਹੈ, ਏਹੁ ਅਸਾਡੇ ਸਮਝ ਵਿਚ ਕੈਸੇ ਆਵੇ ? ਤਾਂ ਬਚਨੁ ਹੋਇਆ ਜੋ ਲਕੜੀਹਾਰੇ ਲਕੜੀਆਂ ਲਿਆਂਵਦੇ ਹੈਨਿ ਤੇ ਪਾਂਡੀ ਪੰਡਾਂ ਲਿਆਂਵਦੇ ਹਨ, ਸੋ ਮਜੂਰੀ ਵਡੀ ਕਰਦੇ ਹੈਨਿ ਤੇ ਨਫਾ ਥੋੜਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘੱਟ ਕਰਦੇ ਹੈਨਿ, ਭੂਖਣਾਂ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰੁ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪ੍ਰਤੀ ਨਹੀਂ ਹੁੰਦੀ। ਕਥਾ ਕੀਰਤਨ ਦੇ ਪੜ੍ਹਨ ਸੁਨਣ ਕਰ ਪ੍ਰਿਥਮੇ ਤਾਂ ਉਪਾਸ਼ਨਾ ਦ੍ਰਿੜ ਹੁੰਦੀ ਹੈ, ਪਿਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪੁ ਹੈ ਨਫਾ ਬਹੁਤ ਹੈ।"

ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਪ੍ਰੀਤੀ-ਵਾਨ ਸਿਖ ਭਾਈ ਜੋਧਾ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਆਸਾ ਕੀ ਵਾਰ ਦੀ ਬਾਣੀ ਪ੍ਰੇਮ ਸਹਿਤ ਪੜ੍ਹਦਾ ਹੁੰਦਾ ਸੀ। ਉਸ ਨੇ ਬੜੇ ਪਿਆਰ ਵਿਚ ਆ ਕੇ ਬਾਣੀ ਪੜ੍ਹੀ :—

ਨਿਰਭਉ ਨਿਰੰਕਾਰੁ ਸਚੁ ਨਾਮੁ ॥
ਜਾ ਕਾ ਕੀਆ ਸਗਲ ਜਹਾਨੁ ॥
ਸੇਵਕ ਸੇਵਹਿ ਕਰਮਿ ਚੜਾਉ ॥
ਭਿੰਨੀ ਰੈਣਿ ਜਿਨਾ ਮਨਿ ਚਾਉ ॥
ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲਘਾਇ ਪਾਰਿ ॥

[ਪੰ: ੪੬੫

ਇਸ ਸ਼ਬਦ ਦਾ ਭਾਈ ਲਹਿਣਾ ਜੀ ਦੇ ਮਨ ਉਤੇ ਐਨਾ ਅਸਰ ਪਿਆ ਕਿ ਆਪ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਤੀਬਰ ਇੱਛਾ ਉਠੀ। ਦੇਵੀ ਦੀ ਯਾਤਰਾ ਅਧਵਾਟੇ ਛੱਡ ਕੇ ਆਪਣਾ ਮੂੰਹ ਕਰਤਾਰਪੁਰ ਵੱਲ ਕਰ ਲਿਆ। ਉਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਪਰਸਿਆ ਤੇ ਨਿਹਾਲ ਹੋ ਗਿਆ। ਗੁਰੂ ਨਾਨਕ ਦੇਵ ਜੀ ਦੀ ਸਿਖੀ ਕਮਾਈ, ਹੁਕਮ ਮੰਨਿਆ ਅਤੇ ਇਸ ਦਾ ਫਲ-ਸਰੂਪ ਇਹ ਹੋਇਆ ਕਿ ਸ੍ਰੀ ਗੁਰੂ


www.AKJ.Org

ਜੀ ਨੇ ਆਪਣੇ ਅਚਲ ਰਾਜ-ਸਿੰਘਾਸਣ ਤੇ ਭਾਈ ਲਹਿਣਾ ਜੀ ਨੂੰ ਆਪਣਾ ਰੂਪ (ਗੁਰੂ ਅੰਗਦ) ਬਣਾ ਕੇ ਟਿਕਾ ਦਿਤਾ।

ਸਿਖਾਂ ਪੁਤ੍ਰਾਂ ਘੋਖਿ ਕੈ,
ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾ ਲਹਿਣਾ ਟਿਕਿਓਨੁ ॥
[ਪੰ: ੯੬੭

ਕੀਰਤਨ ਦੀ ਜੋ ਰਹੁਰੀਤੀ ਗੁਰੂ ਬਾਬਾ ਜੀ ਦੇ ਦਰਬਾਰ ਵਿਚ ਬੈਠ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੇਖੀ ਸੁਣੀ, ਉਸੇ ਨੂੰ ਆਪਣੇ ਜੀਵਨ ਵਿਚ ਅਪਣਾਇਆ। ਰਜਾਦੇ ਰਬਾਬੀ ਤੋਂ ਬਾਅਦ ਬਲਵੰਡ ਰਬਾਬੀ ਗੁਰੂ ਘਰ ਦਾ ਕੀਰਤਨੀਆ ਬਣਿਆ। ਗੁਰੂ ਜੀ ਗੁਰਬਾਣੀ ਦਾ ਕੀਰਤਨ ਸੁਣ ਕੇ ਬੜੇ ਪ੍ਰਸੰਨ ਹੁੰਦੇ ਸਨ ਅਤੇ ਪਿਆਰੇ ਗੁਰੂ ਨਾਨਕ ਦੇਵ ਜੀ ਦਾ ਪਿਆਰ ਸਦਾ ਹੀ ਆਪਣੇ ਹਿਰਦੇ ਵਿਚ ਟਿਕਾਈ ਰਖਦੇ ਸਨ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਬਿਰਹੋਂ ਭਰਿਆ ਸਲੋਕ ਉਚਾਰਨ ਕੀਤਾ ਸੀ—

ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥
[ਪੰ: ੮੩

ਆਪ ਜੀ ਨੇ ਕੇਵਲ ਸਲੋਕਾਂ ਦੇ ਰੂਪ ਵਿਚ ਹੀ ਬਾਣੀ ਉਚਾਰਨ ਕੀਤੀ, ਕਿਸੇ ਰਾਗ ਵਿਚ ਨਹੀਂ।

ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਸਿਖੀ ਜੀਵਨ ਦਾ ਜੋ ਨਮੂਨਾ ੭੨ ਵਰ੍ਹੇ ਦੀ ਉਮਰ ਵਿਚ ਵਿਖਾਇਆ ਉਸ ਦੀ ਕਿਸੇ ਹੋਰ ਧਰਮ ਵਿਚ ਮਿਸਾਲ ਨਹੀਂ ਮਿਲਦੀ। ਆਪ ਜੀ ਨੇ ਜਿਨ੍ਹਾਂ ਰੱਬੀ-ਰੰਗਾਂ ਵਿਚ ਕੀਰਤਨ ਦਾ ਵਿਸਮਾਦੀ ਰਸ ਮਾਣਿਆ ਉਸ ਦਾ ਪ੍ਰਤੱਖ ਦਰਸ਼ਨ ਗੂਜਰੀ ਕੀ ਵਾਰ ਵਿਚ 'ਵਾਹੁ ਵਾਹੁ' ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ। ਆਪ ਜੀ ਦੇ ਦਰਬਾਰ ਵਿਚ ਭਾਈ ਪਾਂਧਾ ਅਤੇ ਬੂਲਾ, ਡੱਲਾ ਨਿਵਾਸੀ ਬੜੇ ਪਿਆਰ ਤੇ ਵੀਚਾਰ ਸਹਿਤ ਗੁਰਬਾਣੀ ਦਾ ਮਨੋਹਰ ਕੀਰਤਨ ਕਰਦੇ ਹਨ, ਜਿਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਨੇ ੧੧ਵੀਂ ਵਾਰ ਦੀ ੧੬ਵੀਂ ਪਉੜੀ ਵਿਚ ਕੀਤੀ ਹੈ:—

"ਪਾਂਧਾ ਬੂਲਾ ਜਾਣੀਐ,
ਗੁਰਬਾਣੀ ਗਾਇਣੁ ਲੇਖਾਰੀ ॥
ਡਲੇ ਵਾਸੀ ਸੰਗਤ ਭਾਰੀ ॥"

ਸ੍ਰੀ ਗੁਰੂ ਰਾਮ ਦਾਸ ਜੀ ਦੀ ਰਚਿਤ ਬਾਣੀ ਵੀ ਇਹੋ ਪ੍ਰਗਟ ਕਰਦੀ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਦਰਬਾਰ ਵਿਚ ਅੰਮ੍ਰਿਤਮਈ ਕੀਰਤਨ ਦੀਆਂ ਧੁਨੀਆਂ ਦੀ ਝੁਣਕਾਰ ਸਦਾ ਹੀ ਰਹਿੰਦੀ ਸੀ—

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ,
ਗੁਰਬਚਨਿ ਨਾਨਕਿ ਹਰਿਭਗਤਿ ਲਹੀ ॥
ਮਿਲਿ ਆਇ ਨਗਰ ਮਹਾ ਜਨਾ,
ਗੁਰ ਸਤਿਗੁਰ ਓਟ ਗਹੀ ॥
[ਪੰ: ੧੧੧੭

ਜਦੋਂ ਧੰਨ ਗੁਰੂ ਰਾਮ ਦਾਸ ਜੀ ਗੁਰਗੱਦੀ ਉਤੇ ਸਸ਼ੋਭਤ ਹੋਏ, ਪੂਰਨ ਤਾਲ ਖਟਵਾ ਕੇ ਅੰਮ੍ਰਿਤਸਰ ਵਿਚ ਨਾਮ ਬਾਣੀ ਦੀ ਜੋਤਿ ਜਗਾਈ, ਕੀਰਤਨ ਦੇ ਰਸ ਤੇ ਰਹੱਸ ਵਿਚ ਹੋਰ ਵਾਧਾ ਹੋਇਆ। ਆਪ ਜੀ ਨੇ ਜੋਗ ਮਤ ਦੀ ਕਿੰਗਰੀ ਅਤੇ ਵੀਣਾ ਆਦਿ ਦੀ ਆਵਾਜ਼ ਨੂੰ ਥੋਥਾ ਦਸਿਆ, ਕਿਉਂਕਿ ਜੋਗੀ ਸਾਜ਼ ਦੀ ਸੁਰ ਵਿਚ ਆਪਣੀ ਸੁਰਤਿ ਨੂੰ ਸੁਰ ਕਰਨਾ ਹੀ ਸਭ ਤੋਂ ਉਚੀ ਅਵਸਥਾ ਸਮਝਦੇ ਸਨ। ਇਸ ਲਈ ਗੁਰਦੇਵ ਜੀ ਨੇ ਸ਼ਬਦ-ਸੁਰਤਿ ਦਾ ਪਰਚਾ ਪਾ ਕੇ ਕੀਰਤਨ ਕਰਨ ਦੀ ਵਡਿਆਈ ਨੂੰ ਦੱਸਿਆ ਅਤੇ ਜੋਗੀ ਨੂੰ ਸੰਬੋਧਨ ਕਰ ਕੇ ਇਉਂ ਉਪਦੇਸ਼ ਦਿਤਾ:—

ਹਥਿ ਕਰਿ ਤੰਤੁ ਵਜਾਵੈ ਜੋਗੀ,
ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ,
ਇਹੁ ਮਨੂਆ ਹਰਿ ਰੰਗ ਭੇਨ ॥
[ਪੰ: ੩੬੮

ਨਿਰਬਾਣ ਕੀਰਤਨ ਦੀ ਪ੍ਰਤਿਭਾ ਨੂੰ ਜਿਵੇਂ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਉਜਾਗਰ ਕੀਤਾ ਉਸ ਦਾ ਇਤਿਹਾਸ ਗਵਾਹ ਹੈ। ਜਿਥੇ ਆਪ ਜੀ ਨੇ ਅੰਮ੍ਰਿਤ ਸਰੋਵਰ ਦੀ ਕਾਰ ਨੂੰ ਸਿਰੇ ਚੜ੍ਹਾਇਆ ਉਥੇ ਸ੍ਰੀ ਹਰਿਮੰਦਰ ਸਾਹਿਬ, ਫਿਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ ਅਤੇ ਅਠੇ ਪਹਿਰ ਹਜ਼ੂਰੀ ਦਾ ਅਖੰਡ ਕੀਰਤਨ ਭਾਵ ਨਾਮ-ਬਾਣੀ ਤੇ



www.AKJ.Org

ਕੀਰਤਨ ਦਾ ਅਜਿਹਾ ਸਦਾ-ਵਰਤ ਲਾਇਆ, ਮਾਨੋ ਚਿਰੀ-ਵਿਛੁੰਨੇ ਜਗਿਆਸੂਆਂ ਨੂੰ ਪ੍ਰਭੂ-ਮੇਲ ਦਾ ਰਾਹ ਹੀ ਲੱਭ ਪਿਆ। ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਪ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਕੁਝ ਵਰ੍ਹੇ ਬਾਅਦ ਤੀਕ ਗੁਰ-ਦਰਬਾਰ ਵਿਚ ਮੁਸਲਮਾਨ ਰਬਾਬੀ ਹੀ ਕੀਰਤਨ ਕਰਦੇ ਰਹੇ, ਕਿਉਂਕਿ ਮਰਾਸੀ ਲੋਕ ਰਾਗ-ਵਿਦਿਆ ਵਿਚ ਬੜੇ ਨਿਪੁੰਨ ਹੁੰਦੇ ਸਨ, ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨੇ ਦੇ ਸਤਿਕਾਰ ਨੂੰ ਮੁਖ ਰਖ ਕੇ ਰਬਾਬੀਆਂ ਨੂੰ ਕੀਰਤਨ ਕਰਨ ਦੀ ਸੇਵਾ ਤੇ ਲਾਇਆ ਜਾਂਦਾ ਸੀ। ਇਹੋ ਕਾਰਨ ਸੀ ਕਿ ਸਿਖਾਂ ਨੂੰ ਰਾਗ-ਵਿਦਿਆ ਮੁਸਲਮਾਨ ਮਿਰਾਸੀਆਂ ਅਤੇ ਰਬਾਬੀਆਂ ਪਾਸੋਂ ਸਿਖਣੀ ਪੈਂਦੀ ਸੀ। ਭਾਈ ਮਰਦਾਨੇ ਦੀ ਕੁਲ ਦੇ ਰਬਾਬੀ ਸੱਤਾ ਬਲਵੰਡ ਦੋਵੇਂ ਭਰਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀਏ ਕੀਰਤਨੀ ਸਨ। ਸੱਤਾ ਜਿਥੇ ਰਾਗ ਵਿਦਿਆ ਵਿਚ ਨਿਪੁੰਨ ਸੀ ਉਥੇ ਬਲਵੰਡ ਬ੍ਰਿਜਭਾਸ਼ਾ ਦਾ ਮਹਾਨ ਕਵੀ ਅਤੇ ਵਿਦਵਾਨ ਸੀ। ਗੁਰੂ ਦਰਬਾਰ ਦੇ ਹਜ਼ੂਰੀ ਰਾਗੀ ਹੋਣ ਕਰਕੇ ਸੰਗਤਾਂ ਵਿਚ ਇਹਨਾਂ ਦਾ ਚੰਗਾ ਆਦਰ ਸਤਿਕਾਰ ਸੀ, ਪਰ ਇਸ ਮਾਣ ਨੇ ਹੰਕਾਰ ਦਾ ਰੂਪ ਧਾਰਨ ਕਰ ਲਿਆ। ਜਦੋਂ ਸੱਤੇ ਨੇ ਆਪਣੀ ਲੜਕੀ ਦਾ ਵਿਆਹ ਕਰਨ ਹਿਤ ਗੁਰੂ ਜੀ ਪਾਸੋਂ ਮਾਇਆ ਦੀ ਜਾਚਨਾ ਕੀਤੀ ਤਾਂ ਗੁਰਦੇਵ ਜੀ ਨੇ ਕਿਹਾ, "ਸੱਤਾ! ਚਿੰਤਾ ਨਾ ਕਰ, ਤੁਸੀਂ ਗੁਰ-ਦਰਬਾਰ ਦੇ ਕੀਰਤਨੀਏ ਹੋ, ਤੁਹਾਨੂੰ ਕਿਸੇ ਗੱਲ ਦੀ ਘਾਟ ਨਹੀਂ ਰਹਿਣੀ।" ਪਰ ਦੋਹਾਂ ਭਰਾਵਾਂ ਦੇ ਮਨ ਵਿਚ ਲੋਭ ਆ ਗਿਆ, ਗੁਰ-ਬਚਨਾਂ ਤੇ ਪ੍ਰਤੀਤ ਨਾ ਆਈ। ਆਖਣ ਲਗੇ, "ਮਹਾਰਾਜ! ਸਾਨੂੰ ਹਰਿਮੰਦਰ ਸਾਹਿਬ ਦੀ ਇਕ ਦਿਨ ਦੀ ਚੜ੍ਹਤ ਦੇ ਦਿਓ, ਸਾਡਾ ਵਿਆਹ ਦਾ ਕਾਰਜ ਚੰਗਾ ਹੋ ਜਾਵੇਗਾ।" ਗੁਰੂ ਜੀ ਨੇ ਕਿਹਾ, "ਚੰਗਾ! ਜਿਵੇਂ ਤੁਸੀਂ ਚਾਹੁੰਦੇ ਹੋ ਓਦਾਂ ਹੀ ਸਹੀ।" ਇਕ ਦਿਨ ਦੀ ਚੜ੍ਹਤ ਦੇਣ ਦਾ ਬਚਨ ਕਰ ਲਿਆ। ਉਸ ਸਮੇਂ ਵੀ ਹਰਿਮੰਦਰ ਸਾਹਿਬ ਵਿਚ ਹਜ਼ਾਰਾਂ ਰੁਪਏ ਰੋਜ਼ ਦੀ ਚੜ੍ਹਤ ਸੀ, ਪਰ ਉਸ ਦਿਨ ਅਜਿਹੀ ਖੇਡ ਵਰਤੀ ਕਿ ਸੌ ਕੁ ਰੁਪਏ ਤੋਂ ਵਧ ਚੜ੍ਹਾਵੇ ਦੀ ਰਕਮ ਨਾ ਬਣੀ। ਇਹ ਵੇਖ ਕੇ ਸੱਤਾ ਤੇ ਬਲਵੰਡ ਦੋਵੇਂ ਘਬਰਾ ਗਏ ਅਤੇ ਗੁਰੂ ਜੀ ਨੂੰ ਆਖਣ ਲਗੇ, "ਇਤਨੀ ਥੋੜੀ ਮਾਇਆ ਨਾਲ ਵਿਆਹ ਦਾ ਕਾਰਜ ਕਿਵੇਂ ਹੋ ਸਕੇਗਾ।" ਗੁਰੂ ਜੀ ਨੇ ਧੀਰਜ ਦਿੰਦੇ ਹੋਏ ਕਿਹਾ, "ਇਹ ਮਾਇਆ ਤਾਂ ਲਉ, ਬਾਕੀ ਭੀ ਅਕਾਲ ਪੁਰਖ ਸਭ ਠੀਕ ਕਰ ਦੇਵੇਗਾ।" ਦੋਵੇਂ ਭਰਾ ਆਪਣੇ ਸਾਜ਼ ਲੈ ਕੇ ਅਰਲ-ਬਰਲ ਬੋਲਦੇ ਹੋਏ ਘਰ ਨੂੰ ਚਲੇ ਗਏ। ਦੂਜੇ ਦਿਨ ਆਸਾ ਦੀ ਵਾਰ ਦਾ ਕੀਰਤਨ ਕਰਨ ਹਿਤ ਨਾ ਆਏ ਤਾਂ ਗੁਰੂ ਜੀ ਨੇ ਇਕ ਸਿੱਖ ਨੂੰ ਇਨ੍ਹਾਂ ਵਲ ਭੇਜਿਆ। ਪਰ ਇਹ ਫਿਰ ਵੀ ਨਾ ਆਏ। ਫਿਰ ਸਿੱਖ ਪੰਥ ਦੇ ਧੁਰੰਧਰ ਵਿਦਵਾਨ ਭਾਈ ਗੁਰਦਾਸ ਜੀ ਨੂੰ ਭੇਜਿਆ। ਫਿਰ ਵੀ ਬੇਨਤੀ ਅਣਸੁਣੀ ਕਰ ਦਿਤੀ। ਅੰਤ ਨੂੰ ਕੀਰਤਨ ਦੇ ਪਿਆਰ ਅਤੇ ਕੀਰਤਨੀਆਂ ਦੇ ਸਤਿਕਾਰ ਨੂੰ ਮੁਖ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪ ਭਾਈ ਗੁਰਦਾਸ ਜੀ ਸਮੇਤ ਸੱਤੇ ਤੇ ਬਲਵੰਡ ਦੇ ਘਰ ਪੁੱਜੇ। ਮਾਇਆ ਦੇ ਲਾਲਚ ਨੇ ਉਨ੍ਹਾਂ ਦੀ ਸੁਰਤਿ ਨੂੰ ਫੇਰ ਦਿਤਾ ਹੋਇਆ ਸੀ, ਜਿਸ ਕਰਕੇ ਉਨ੍ਹਾਂ ਨੇ ਗੁਰੂ ਜੀ ਨੂੰ 'ਜੀ ਆਇਆਂ' ਹੀ ਨਾ ਆਖਿਆ ਅਤੇ ਨਾ ਹੀ ਸਤਿਕਾਰ ਵਜੋਂ ਖੜੇ ਹੋਏ। ਇਹ ਗੱਲਾਂ ਵੀ ਪਿਛੇ ਰਹੀਆਂ, ਜਦੋਂ ਗੁਰਦੇਵ ਜੀ ਨੇ ਆਖਿਆ, "ਭਾਈ ਕੀਰਤਨੀਓ! ਗੁਰੂ ਦੀਆਂ ਪਿਆਰੀਆਂ ਸੰਗਤਾਂ ਨੂੰ ਚੱਲ ਕੇ ਕੀਰਤਨ ਸੁਣਾਓ, ਰੋਸਾ ਸੰਗਤ ਤੇ ਸ਼ਬਦ ਨਾਲ ਨਹੀਂ ਕਰੀਦਾ।" ਪਰ ਬਲਵੰਡ ਕ੍ਰੋਧ ਵਿਚ ਆ ਕੇ ਬੋਲਿਆ, "ਗੁਰੂ ਨਾਨਕ ਦੇਵ ਨੂੰ ਕੌਣ ਜਾਣਦਾ ਸੀ, ਸਾਡੇ ਬਜ਼ੁਰਗ ਮਰਦਾਨੇ ਦੇ ਕੀਰਤਨ ਨੇ ਹੀ ਗੁਰੂ ਜੀ ਦੀ ਪੂਜਾ ਕਰਵਾਈ।' ਇਸ ਪ੍ਰਕਾਰ ਹੋਰ ਕਈ ਦੁਰਬਚਨ ਬੋਲੇ ਅਤੇ ਕੀਰਤਨ ਕਰਨ ਲਈ ਨਾ ਉਠੇ। ਗੁਰੂ ਨਾਨਕ ਸਾਹਿਬ ਦੀ ਨਿੰਦਾ ਸੁਣ ਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਮੂੰਹੋਂ ਸਹਿਜ ਸੁਭਾਵ ਬਚਨ ਨਿਕਲੇ ਕਿ 'ਸੱਤਾ ਅਤੇ ਬਲਵੰਡ ਤੁਸੀਂ ਫਿਟ ਗਏ ਹੋ।' ਗੁਰਦੇਵ ਜੀ ਵਾਪਸ ਆ ਗਏ।

ਸ਼ਾਂਤੀ ਦੇ ਪੁੰਜ ਗੁਰਦੇਵ ਜੀ ਨੇ ਹਰਿਮੰਦਰ ਵਿਚ ਬੈਠੀ ਸੰਗਤ ਨੂੰ ਆਖਿਆ, "ਸਾਧ ਸੰਗਤ ਜੀਓ! ਆਪ ਸਾਜ਼ ਫੜੋ ਤੇ ਕਰਤਾਪੁਰਖ ਜੀ ਦਾ ਰਲ ਮਿਲ ਕੇ ਜਸ ਗਾਇਨ ਕਰੀਏ, ਕਿਉਂਕਿ ਸੱਤਾ ਤੇ ਬਲਵੰਡ ਫਿਟਕਾਰੇ ਗਏ ਹਨ।" ਇਤਨੇ ਬਚਨ ਆਖ ਕੇ ਆਪ ਜੀ ਨੇ ਆਪਣੇ ਹੱਥ ਵਿਚ ਸਿਰੰਦਾ ਲਿਆ ਅਤੇ ਬਾਕੀ ਸੰਗਤਾਂ ਨਾਲ ਮਿਲ


www.AKJ.Org

ਕੇ ਨਿਰਬਾਣ ਕੀਰਤਨ ਅਰੰਭ ਦਿਤਾ। ਇਸ ਕੀਰਤਨ ਦੇ ਰੰਗ ਨੇ ਗੂੰਗੇ ਵਾਲੀ ਮਿਠਿਆਈ ਦਾ ਰਸ ਬਣਾ ਦਿਤਾ ਅਤੇ ਨਿਤ ਹੀ ਇਸੇ ਤਰ੍ਹਾਂ ਦਾ ਕੀਰਤਨ ਹੋਣ ਲਗ ਪਿਆ। ਸੱਤਾ ਤੇ ਬਲਵੰਡ ਜਿਹੜੇ ਕਿ ਆਪਣੇ ਆਪ ਨੂੰ ਵਡੇ ਗਵੱਈਏ ਸਮਝਦੇ ਸਨ, ਸੁਣ ਕੇ ਸੜ ਬਲ ਗਏ। ਸੰਗਤਾਂ ਨੇ ਇਹਨਾਂ ਨਾਲੋਂ ਸੰਪਰਕ ਤੋੜ ਲਿਆ। ਗੁਰੂ ਨਾਨਕ ਦੇਵ ਜੀ ਦੀ ਨਿੰਦਾ ਦਾ ਫਲ-ਸਰੂਪ ਉਨ੍ਹਾਂ ਨੂੰ ਕੋਹੜ ਹੋ ਗਿਆ। ਫਿਰ ਜਿਵੇਂ ਉਨ੍ਹਾਂ ਤਰਲੇ ਕੱਢੇ ਤੇ ਨੱਕ ਰਗੜੇ, ਉਸ ਦਾ ਇਤਿਹਾਸ ਗਵਾਹ ਹੈ। ਕਿਸ ਤਰ੍ਹਾਂ ਲਾਹੌਰ ਵਾਸੀ ਭਾਈ ਲੱਧਾ ਪਰਉਪਕਾਰੀ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਬਖਸ਼ਵਾਇਆ। ਉਨ੍ਹਾਂ ਨੇ ਮੁੜ ਮਾਫ਼ੀ ਮੰਗੀ ਅਤੇ ਸਤਿਗੁਰੂ ਜੀ ਦੀ ਉਸੇ ਮੂੰਹ ਨਾਲ ਉਸਤਤ ਕੀਤੀ, ਜਿਸ ਦਾ ਪ੍ਰਤੱਖ ਰੂਪ 'ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸੱਤੇ ਡੂਮ ਆਖੀ' ਮੌਜੂਦ ਹੈ। ਇਸ ਤਰ੍ਹਾਂ ਗੁਰਦੇਵ ਜੀ ਨੇ ਸੰਗਤਾਂ ਨੂੰ ਰਾਗੀਆਂ-ਰਬਾਬੀਆਂ ਦੀ ਮੁਹਤਾਜੀ ਤੋਂ ਮੁਕਤ ਕਰ ਕੇ ਅਗੋਂ ਲਈ ਸੰਗਤਾਂ ਨੂੰ ਆਪ ਕੀਰਤਨ ਕਰਨ ਦਾ ਉਪਦੇਸ਼ ਦਿਤਾ। ਗੁਰਮੁਖ ਹੰਸਲਿਆਂ ਨੂੰ ਤੱਤ ਗਿਆਨ ਦਾ ਦਾਨ ਦਿਤਾ। ਧਰਤੀ ਹੇਠਾਂ ਭੋਰੇ ਪੁਟ ਕੇ ਆਪਣੇ ਆਪ ਨੂੰ ਬੰਦੀ ਵਿਚ ਪਾ ਕੇ ਸੁੰਨ-ਸਮਾਧੀ ਲਾਉਣ ਦੀ ਥਾਂ ਅੰਮ੍ਰਿਤ ਵੇਲੇ ਦੀ ਜਾਗ, ਅੰਮ੍ਰਿਤ ਬਾਣੀ ਤੇ ਰਾਗ, ਸ਼ਬਦ ਸੁਰਤਿ ਦਾ ਅਨੁਰਾਗ, ਸਤਿਸੰਗ ਰੂਪੀ ਗੁਫਾ ਵਿਚ ਬੈਠ ਕੇ ਅਖੰਡ ਕੀਰਤਨ ਦੁਆਰਾ ਬੈਰਾਗ ਪ੍ਰਾਪਤ ਕਰਨ ਦੀ ਦਾਤ ਬਖਸ਼ਸ਼ ਕੀਤੀ—

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥

[ਪੰ: ੨੩੬

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਾਈ ਝਾਝੂ, ਮੁਕੰਦ ਅਤੇ ਕਿਦਾਰ, ਪ੍ਰੇਮੀ ਸਿਖ ਵੀ ਗੁਰੂ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਹੁੰਦੇ ਸਨ—

ਝਾਝੂ ਅਤੇ ਮੁਕੰਦ ਹੈ,
ਕੀਰਤਨੁ ਕਰੈ ਹਜੂਰ ਕਿਦਾਰਾ ॥
ਸਾਧ ਸੰਗਤਿ ਪਰਗਟ ਪਹਾਰਾ ॥

[ਵਾਰ ੧੧, ਪਉੜੀ ੧੮

ਇਹਨਾਂ ਦੇ ਪੁਛਣ ਤੇ ਹੀ ਗੁਰੂ ਜੀ ਨੇ ਗੁਰਬਾਣੀ ਦੇ ਪਾਠ, ਗੁਰਬਾਣੀ ਦੀ ਕਥਾ ਅਤੇ ਗੁਰਬਾਣੀ ਦੇ ਕੀਰਤਨ ਦਾ ਭਿੰਨ ਭਿੰਨ ਫਲ ਵਰਨਣ ਕੀਤਾ ਸੀ। ਉਪ੍ਰੋਕਤ ਪਉੜੀ ਦਾ ਅਨੁਵਾਦ ਭਾਈ ਮਨੀ ਸਿੰਘ ਜੀ ਨੇ ਇਉਂ ਕੀਤਾ—

"ਬਚਨੁ ਹੋਇਆ—ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਤੈਸੇ ਬਾਣੀ ਦੇ ਪਾਠ ਦਾ ਫਲੁ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਖੂਹ ਦੀ ਪੈਲੀ ਨਜ਼ੀਕ ਹੋਵੇ ਤਾਂ ਓਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘੁ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨਿ।" [ਭਗਤ-ਮਾਲਾ

ਪੰਚਮ ਪਾਤਸ਼ਾਹ ਜਿਥੇ ਰਾਗ-ਕਲਾ ਵਿਚ ਨਿਪੁੰਨ ਸਨ ਉਥੇ ਗੁਰਬਾਣੀ ਦੇ ਮਹਾਨ ਰਸਿਕ ਕੀਰਤਨੀਏ ਭੀ ਸਨ। ਸਿਰੰਦਾ ਸਾਜ ਦੀ ਸੁੰਦਰ ਕਾਢ ਆਪ ਜੀ ਨੇ ਹੀ ਕਢੀ। ਜਦੋਂ ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਿਆਉਣ ਵਿਚ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਸਫਲ ਨਾ ਹੋਏ ਤਾਂ ਆਪ ਨੰਗੀ ਪੈਰੀਂ ਗੋਇੰਦ-ਵਾਲ ਸਾਹਿਬ ਗਏ। ਅਗੋਂ ਬਾਬਾ ਮੋਹਨ ਜੀ ਆਪਣੇ ਚੁਬਾਰੇ ਉਤੇ ਸਮਾਧੀ ਵਿਚ ਲੀਨ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰੰਦੇ ਨਾਲ ਕੀਰਤਨ ਅਰੰਭਿਆ ਤੇ ਪਿਆਰ ਵਿਚ ਆ ਕੇ ਗਾਇਨ ਕੀਤਾ—

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ
ਜੀਉ ਸੰਤ ਧਰਮਸਾਲਾ ॥
ਧਰਮਸਾਲ ਅਪਾਰ ਦੈਆਰ ਠਾਕੁਰ,
ਸਦਾ ਕੀਰਤਨੁ ਗਾਵਹੇ ॥
ਜਹ ਸਾਧ ਸੰਤ ਇਕਤ੍ਰ ਹੋਵਹਿ,
ਤਹਾ ਤੁਝਹਿ ਧਿਆਵਹੇ ॥
ਕਰਿ ਦਇਆ ਮਇਆ ਦਇਆਲ ਸੁਆਮੀ
ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤ ਨਾਨਕ ਦਰਸ ਪਿਆਸੇ,
ਮਿਲਿ ਦਰਸਨ ਸੁਖੁ ਸਾਰਾ ॥੧॥

[ਪੰ: ੨੪੮


www.AKJ.Org

ਇਹ ਸਾਰ' ਸ਼ਬਦ ਸੁਣ ਕੇ ਬਾਬਾ ਮੋਹਨ ਜੀ ਦੀ ਸਮਾਧੀ ਖੁਲ੍ਹ ਗਈ। ਨਿਰਬਾਣ ਕੀਰਤਨ-ਕਲਾ ਨੇ ਆਪ ਜੀ ਦੇ ਕੋਮਲ ਮਨ ਉਤੇ ਅਜਿਹਾ ਪ੍ਰਭਾਵ ਪਾਇਆ ਕਿ ਆਪ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਰਪਣ ਕਰ ਦਿਤੀਆਂ । ਫਿਰ ਜਿਸ ਸਤਿਕਾਰ ਨਾਲ ਆਪ ਜੀ ਨੇ ਪੋਥੀਆਂ ਲਿਆਂਦੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਸੰਕਲਤ ਕਰਵਾਈ ਅਤੇ ਕੀਰਤਨ ਨੂੰ*ਪ੍ਰਧਾਨਤਾ ਦਿਤੀ ਉਹ ਸਾਰੇ ਜਹਾਨ ਵਿਚ ਪ੍ਰਗਟ ਹੈ।

ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਮਰਯਾਦਾ ਦਾ ਧੁਰਾ ਚੌਕੀਆਂ ਦੇ ਰੂਪ ਵਿਚ ਬੱਧਾ । ਇਸ ਵੇਲੇ ਵੀ ਸੀਨਾ-ਬਸੀਨਾ ਚਲੀ ਆ ਰਹੀ ਕੀਰਤਨ-ਮਰਯਾਦਾ ਦੇ ਦਰਸ਼ਨ ਪੰਜ ਚੌਕੀਆਂ ਦਵਾਰਾ ਕੀਤੇ ਜਾ ਸਕਦੇ ਹਨ—

੧. ਪਿਛਲੇ ਪਹਿਰ ਰਾਤ ਰਹੀ ਤੇ ਆਸਾ ਕੀ ਵਾਰ ਦੀ ਚੌਕੀ। ਇਸ ਦੀ ਸਮਾਪਤੀ ਤੇ ਨੌਂ ਕੁ ਵਜੇ ਤੋਂ ਬਿਲਾਵਲ ਦੀ ਚੌਕੀ ਅਰੰਭ ਹੁੰਦੀ ਹੈ, ਪਰ ਉਹ ਗਿਣਤੀ ਵਿਚ ਨਹੀਂ ਆਉਂਦੀ।
੨. ੧੧—੧੨ ਵਜੇ ਦੇ ਵਿਚਕਾਰ 'ਅਨੰਦ' ਦੀ ਚੌਕੀ ।
੩. ਤ੍ਰਿਪਹਿਰੇ ਦੇ ਲਗਪਗ 'ਚਰਨ ਕਵਲ' ਦੀ ਚੌਕੀ।
੪. ਸੰਧ ਸਮੇਂ 'ਸੋ ਦਰ' ਦੀ ਚੌਕੀ।
੫. ਸਵਾ ਪਹਿਰ ਰਾਤ ਗਈ ਤੇ 'ਕੀਰਤਨ ਸੋਹਿਲੇ' ਦੀ ਚੌਕੀ।

ਹਰੇਕ ਸ਼ਬਦ-ਚੌਕੀ ਦੀ ਸਮਾਪਤੀ ਪਉੜੀ ਦੇ ਗਾਇਨ ਨਾਲ ਕੀਤੀ ਜਾਂਦੀ ਹੈ ਅਤੇ ਉਪਰੰਤ ਅਰਦਾਸ ਹੁੰਦੀ ਹੈ।

ਜਦੋਂ ਮੀਰੀ ਪੀਰੀ ਦੇ ਮਾਲਕ "ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ" ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਕਾਲ ਤਖ਼ਤ ਤੇ ਬਿਰਾਜਮਾਨ ਹੋਏ ਓਦੋਂ ਵੀ ਸ਼ਬਦ-ਕੀਰਤਨ ਦੀ ਵਰਖਾ ਹੁੰਦੀ ਰਹੀ । ਪਹਿਲਾਂ ਸਿਰੰਦਾ ਸੀ ਫਿਰ ਨਾਲ ਸਾਰੰਗੀ ਸਾਜ਼ ਵੀ ਗੁਰੂ-ਦਰਬਾਰ ਵਿਚ ਆ ਗਿਆ, ਜਿਸ ਨਾਲ ਢਾਢੀ ਬੀਰ ਰਸ ਕਰਨ ਹਿਤ ਵਾਰਾਂ ਗਾਉਂਦੇ ਸਨ। ਭਾਈ ਨੱਥਾ ਤੇ ਅਬਦੁੱਲਾ ਢਾਢੀ ਮਿਲ ਕੇ ਜੋਧਿਆਂ ਦੀਆਂ ਵਾਰਾਂ ਗਾਇਆ ਕਰਦੇ ਸਨ। ਉਸ ਸਮੇਂ ਵਾਰਾਂ ਉਨ੍ਹਾਂ ਧੁਨਾਂ ਤੇ ਹੀ ਗਾਇਨ ਕੀਤੀਆਂ ਜਾਂਦੀਆਂ ਸਨ, ਜਿਨ੍ਹਾਂ ਦੇ ਗਾਉਣ ਦਾ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿਤਾ ਹੋਇਆ ਹੈ । ਆਪ ਜੀ ਦੇ ਸਮੇਂ ਮਈਆ ਲੰਬ ਦੋਵੇਂ ਸਮੇਂ ਸਾਧ ਸੰਗਤ ਵਿਚ ਜਾ ਕੇ ਗੁਰੂ ਕੇ ਸ਼ਬਦ ਦਾ ਸਾਧਾਰਨ ਕੀਰਤਨ ਕਰਦਾ ਹੁੰਦਾ ਸੀ। ਇਸੇ ਤਰ੍ਹਾਂ ਕਈ ਹੋਰ ਪ੍ਰੇਮੀ ਵੀ ਸਨ ਜੋ ਗੁਰਬਾਣੀ ਦਾ ਪ੍ਰੀਤੀ ਨਾਲ ਨਿਰ-ਇੱਛਤ ਹੋ ਕੇ ਜੱਸ ਕਰਦੇ ਸਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਇਸੇ ਤਰ੍ਹਾਂ ਸ੍ਰੀ ਗੁਰੂ ਹਰਿ ਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਦੀ ਰਹੁਰੀਤੀ ਨੂੰ ਪਿਆਰਦੇ ਅਤੇ ਸਤਿਕਾਰਦੇ ਰਹੇ । ਅੰਮ੍ਰਿਤ ਦੇ ਦਾਤੇ ਸਰਬੰਸ ਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੀਰਤਨ ਨਾਲ ਜੋ ਪਿਆਰ ਸੀ ਉਸ ਦੀਆਂ ਅਦਭੁਤ ਝਾਕੀਆਂ ਸਾਨੂੰ ਇਤਿਹਾਸ ਵਿਚੋਂ ਮਿਲਦੀਆਂ ਹਨ । ਆਪ ਜੀ ਲੱਖਾਂ ਤੁਰਕਾਨੀ ਫ਼ੌਜਾਂ ਨਾਲ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਘਿਰੇ ਰਹੇ, ਪਰ ਉਥੇ ਵੀ ਅੰਮ੍ਰਿਤ ਵੇਲੇ 'ਆਸਾ ਕੀ ਵਾਰ' ਦਾ ਕੀਰਤਨ ਨਹੀਂ ਛਡਿਆ। ਆਪ ਜੀ ਨੇ ਜਿਥੇ ੫੨ ਕਵੀ, ਕਈ ਲਿਖਾਰੀ ਤੇ ਅਨੁਵਾਦਕ ਰਖੇ ਹੋਏ ਸਨ ਉਥੇ ਸੰਗੀਤ ਦੇ ਹੁਨਰ ਦੇ ਬੇਤੇ ਵੀ ਆਪ ਜੀ ਦੇ ਦਰਬਾਰ ਵਿਚ ਹਾਜ਼ਰ ਰਹਿੰਦੇ ਸਨ। ਆਪ ਜੀ ਨੇ ਜਿਥੇ ਕਈ ਪ੍ਰਕਾਰ ਦੇ ਕਾਵਿਕ ਛੰਦ ਵਰਤੇ ਹਨ ਉਥੇ ਆਪਣੀ ਰਚਿਤ ਬਾਣੀ

*"ਕਲਜੁਗਿ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੈ ॥ ਹਰਿ ਦਰਗਹਿ ਪਤਿ ਸਿਉ ਜਾਇਦਾ ॥ [ਪੰ: ੧੦੭੫


www.AKJ.Org

ਦਾ ਰਸ-ਭਿੰਨੜਾ ਨਿਰਬਾਣ ਕੀਰਤਨ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਬਿਲਾਵਲ ਅਤੇ ਦੇਵ ਗੰਧਾਰੀ ਆਦਿ ਰਾਗਾਂ ਵਿਚ ਕੀਤਾ। ਅਕਾਲ ਉਸਤਤਿ ਵਿਚ ਜੋ ਪ੍ਰਭੂ ਦੀ ਕੀਰਤੀ ਗਾਇਨ ਕੀਤੀ ਹੈ, ਉਹ ਬੇ-ਮਿਸਾਲ ਹੈ, ਜਿਵੇਂ ਆਪ ਜੀ ਫ਼ੁਰਮਾਉਂਦੇ ਹਨ—

ਫਰਾਸੀ ਫਿਰੰਗੀ, ਫਰਾਂਸੀਸ ਦੇ ਦੁਰੰਗੀ,
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤ ਹੈ।
ਭਖਾਰੀ ਕੰਧਾਰੀ, ਗੋਰ ਗਾਖਰੀ ਗਰਦੇਜਾ ਚਾਰੀ,
ਪੌਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ।
ਪੂਰਬ ਪਲਾਊ, ਕਾਮ ਰੂਪ ਔ ਕਮਾਊ,
ਸਰਬ ਠਉਰ ਮੈ ਬਿਰਾਜੈ ਜਹਾਂ ਜਹਾਂ ਜਾਈਅਤੁ ਹੈ।
ਪੂਰਨ ਪ੍ਰਤਾਪੀ, ਜੰਤ੍ਰ ਮੰਤ੍ਰ ਤੇ ਅਤਾਪੀ ਨਾਥ,
ਕੀਰਤਿ ਤਿਹਾਰੀ ਕੋਨ ਪਾਰ ਪਾਈਅਤੁ ਹੈ।

ਆਪ ਜੀ ਨੇ ਗੁਰਮਤਿ ਜੀਵਨ ਦਾ ਤੱਤ ਕਢ ਕੇ ਸਾਡੇ ਸਾਹਮਣੇ ਨਿਰਬਾਣ ਕੀਰਤਨ ਦੇ ਰੂਪ ਵਿਚ ਰਖਿਆ ਅਤੇ ਸਭ ਮਾਨਵਤਾ ਨੂੰ ਇਕੋ ਸੱਚਾ ਸੰਦੇਸ਼ ਦਿਤਾ, "ਸਾਚ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥" ਆਨ ਮੱਤਾਂ ਦੇ ਗਵੱਈਏ ਪੈਸਿਆਂ ਵਿਚ ਪਰਵਿਰਤ ਸਨ, ਪਰ ਗੁਰਦੇਵ ਜੀ ਨੇ ਪੈਸੇ ਨੂੰ ਪਰੇ ਕਰ ਕੇ ਪ੍ਰੇਮ ਕਰਨਾ ਸਿਖਾਇਆ। ਲੋਕ-ਵਿਖਾਵੇ ਦਾ ਕੀਰਤਨ ਕਰ ਕੇ, ਲੋਕਾਂ ਨੂੰ ਰੀਝਾ ਕੇ ਮਾਇਆ ਬਟੋਰਨ ਵਾਲੇ ਰਾਗੀਆਂ ਦੀ ਤਸਵੀਰ ਵਿਅੰਗ-ਮਈ ਰੂਪ ਵਿਚ ਖਿਚ ਕੇ ਸਾਡੇ ਸਾਹਮਣੇ ਰਖੀ—

ਜੈਸੇ ਏਕ ਸਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ,
ਕਬਹੂੰ ਸੰਨਿਆਸੀ ਭੇਸ ਬਨ ਕੇ ਦਿਖਵਾਈ।
ਕਹੂੰ ਪਉਨਹਾਰੀ, ਕਹੂੰ ਬੈਠੇ ਲਾਇ ਤਾਰੀ,
ਕਹੂੰ ਲੋਭ ਕੀ ਖੁਮਾਰੀ ਸੌ ਅਨੇਕ ਗੁਨ ਗਾਵਈ।
ਕਹੂੰ ਬ੍ਰਹਮਚਾਰੀ, ਕਹੂੰ ਹਾਥ ਪੈ ਲਗਾਵੈ ਬਾਰੀ,
ਕਹੂੰ ਡੰਡਧਾਰੀ ਹੁਇ ਕੈ ਲੋਗਨ ਭ੍ਰਮਵਾਈ।
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ,
ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ।

ਸੋ ਇਸ ਪ੍ਰਕਾਰ ਕਲਗੀਆਂ ਵਾਲੇ ਪਾਤਸ਼ਾਹ ਜੀ ਨੇ ਆਪ ਨਿਰੋਲ ਗੁਰਬਾਣੀ ਦੇ ਕੀਰਤਨ ਦਾ ਰੰਗ ਮਾਣਿਆ ਅਤੇ ਖ਼ਾਲਸੇ ਨੂੰ ਕਾਮਨਾ ਰਹਿਤ ਹੋ ਕੇ ਗਿਆਨ ਸਹਿਤ ਨਿਰਬਾਣ ਕੀਰਤਨ ਕਰਨਾ ਸਿਖਾਇਆ। ਕੀਰਤਨ ਕਰਨ ਲਈ ਸਾਨੂੰ ਗੁਰ-ਸ਼ਬਦ ਦਾ ਅਖੁੱਟ ਭੰਡਾਰਾ ਬਖਸ਼ਸ਼ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀਂ ਲਾਇਆ। ਆਪ ਜੀ ਨੇ ਦੇਹਵਾਦੀ ਪੂਜਾ ਦਾ ਸਦਾ ਲਈ ਕੀਰਤਨ-ਸੋਹਿਲਾ ਪੜ੍ਹ ਦਿਤਾ।

ਕੀਰਤਨ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਵੀ ਸੂਰਜ ਪ੍ਰਕਾਸ਼ ਵਿਚ ਦਸਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਵਿਚ ਭਾਈ ਮੱਦੂ ਤੇ ਸੱਦੂ ਰਬਾਬੀ, ਜਿਹੜੇ ਕਿ ਦੋਵੇਂ ਭਰਾ ਸਨ, ਆਸਾ ਕੀ ਵਾਰ ਦਾ ਕੀਰਤਨ ਰਾਗ ਸਹਿਤ ਕਰਦੇ ਹੁੰਦੇ ਸਨ।

ਸੱਦੂ ਮੱਦੂ ਆਸਾ ਵਾਰ ॥
ਕੀਰਤਨ ਕਰਤੇ ਰਾਗ ਸੁਧਾਰ ॥

ਸ੍ਰੀ ਮਾਨ ਬਾਬਾ ਦੀਪ ਸਿੰਘ ਜੀ ਸ਼ਹੀਦ ਜਿਥੇ ਨਾਮ ਬਾਣੀ ਦੇ ਰਸੀਏ ਅਤੇ ਮਹਾਨ ਲਿਖਾਰੀ ਸਨ, ਉਥੇ ਸ਼ਸਤ੍ਰ-ਕਲਾ-ਧਾਰੀ ਵੀ ਸਨ। ਆਪ ਹਰ ਰੋਜ਼ ਆਸਾ ਕੀ ਵਾਰ ਦਾ ਕੀਰਤਨ ਸਿਰੰਦੇ ਤੇ ਕਰ ਕੇ ਇਹ ਅੰਮ੍ਰਿਤ-ਭੋਜਨ ਛਕਦੇ ਸਨ। ਖ਼ਾਲਸਾ ਪੰਥ ਦੀ ਪ੍ਰਸਿੱਧ ਹਸਤੀ ਨਵਾਬ ਜੱਸਾ ਸਿੰਘ ਜੀ ਵੀ ਕੀਰਤਨ ਦੇ ਬੜੇ ਆਸ਼ਕ ਸਨ। ਆਪ ਜੀ ਬਾਲ-ਅਵਸਥਾ ਵਿਚ ਮਾਤਾ ਸੁੰਦਰੀ ਜੀ ਕੋਲ ਰਹੇ ਅਤੇ ਕੀਰਤਨ ਦੀ ਅਮੋਲਕ ਦਾਤ ਦਾ ਸਦਕਾ ਹੀ ਨਿੰਮ੍ਰਤਾ ਦਾ ਖ਼ਜ਼ਾਨਾ ਅਤੇ ਗੁਰੂ ਘਰ ਦੀਆਂ ਅਤੁੱਟ ਖੁਸ਼ੀਆਂ ਪ੍ਰਾਪਤ ਕੀਤੀਆਂ।

---

## ਤਰਨ ਤਾਰਨ ਵਿਖੇ ਅਖੰਡ ਕੀਰਤਨ-ਜੱਥਾ ਅੰਮ੍ਰਿਤਸਰ ਵਲੋਂ ਪ੍ਰੋਗਰਾਮ

ਸਤਿਕਾਰ ਯੋਗ ਮਾਤਾ ਨਿਹਾਲ ਕੌਰ ਜੀ (ਸੁਪੱਤਨੀ ਸ੍ਰੀ ਮਾਨ ਬਾਊ ਮਲ ਸਿੰਘ ਜੀ) ਦੀ ਸਾਲਾਨਾ ਯਾਦ ਵਿਚ, ਉਹਨਾਂ ਦੇ ਘਰ ਪਲਾਸੌਰ ਰੋਡ ਸ੍ਰੀ ਤਰਨ ਤਾਰਨ ਵਿਖੇ ਸ੍ਰੀ ਅਖੰਡ ਪਾਠ ੩੦ ਨਵੰਬਰ ੧੯੭੩ ਨੂੰ ਅਰੰਭ ਹੋਵੇਗਾ, ਜਿਸ ਦਾ ਭੋਗ ੨ ਦਸੰਬਰ ੧੯੭੩ ਐਤਵਾਰ ਨੂੰ ਸਵੇਰੇ ੬ ਵਜੇ ਪਵੇਗਾ। ਉਪਰੰਤ ਆਸਾ ਦੀ ਵਾਰ ਤੇ ਅਖੰਡ ਕੀਰਤਨ ੧੧ ਵਜੇ ਤਕ ਹੋਣਗੇ। ਸਰਬਤ ਦਰਸ਼ਨ ਦੇ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ


www.AKJ.Org

# ਪਿਆਰਾ ਗੁਰੂ ਨਾਨਕ

[ ਵਲੋਂ—ਭਾਈ ਜਗਤ ਸਿੰਘ ਜੀ 'ਜਗਤ' ਫਤੋਵਾਲ ]

ਰੱਬ ਤੋਂ ਪਿਆਰ ਦਾ ਸੋਮਾ ਲੈ ਕੇ, ਗੁਰੂ ਨਾਨਕ ਜੀ ਆਇਆ।
'ਮਿਟੀ ਧੁੰਦ ਜਗਿ ਚਾਨਣ ਹੋਆ', ਦੋ ਆਲਿਮ ਮਿਲ ਗਾਇਆ।

ਕਤਕ ਸੁਦੀ ਇਹ ਪੁੰਨਿਆ ਦਿਨ ਤੇ, ਯਾਦ ਗੁਰੂ ਦੀ ਆਵੇ।
ਸਤਿਗੁਰੂ ਨਾਨਕ ਪਿਆਰੇ ਜੀ ਨੂੰ, ਦੁਨੀਆ ਸੀਸ ਨਿਵਾਵੇ।

ਮਾਂ ਤ੍ਰਿਪਤਾ ਤੇ ਪਿਤਾ ਕਾਲੂ ਨੂੰ, ਰੱਬ ਨੇ ਸੀ ਵਡਿਆਇਆ।
ਜਿਨ੍ਹਾਂ ਨੇ ਨੂਰੀ ਨਕਸ਼ਾ ਰੱਬ ਦਾ, ਘਰ ਆਪਣੇ ਵਿਚ ਪਾਇਆ।

ਭਾਰਤੀਆਂ ਨੂੰ ਮਿਲੀ ਆਜ਼ਾਦੀ, ਰੱਬ ਵਰਤਾਇਆ ਭਾਣਾ।
ਭਾਰਤ ਵਰਸ਼ ਹੋਇਆ ਦੋ ਟੁਕੜੇ, ਖੁਸ ਗਿਆ ਨਨਕਾਣਾ।

ਦਰਦਵੰਦਾਂ ਦੇ ਦਰਦੀ ਮਾਹੀਆ, ਤੇਰੇ ਨਨਕਾਣੇ ਨੂੰ ਤਕੀਏ।
ਰੂਹ ਸਾਡੇ ਵਿਚ ਫੂਕ ਅਜਿਹੀ, ਦਰਸ਼ਨ ਬੇਰੋਕ ਕਰ ਸਕੀਏ।

ਗੁਰੂ ਨਾਨਕ ਸੀ ਪਿਆਰਾ ਰੱਬ ਦਾ, ਪਿਆਰ ਖਿੰਡਾ ਗਿਆ ਸਾਰੇ।
ਪ੍ਰੇਮ-ਬਾਣੀ ਦੇ ਬਾਣ ਮਾਰ ਕੇ, ਪਾਪੀ ਮਨਮੁਖ ਤਾਰੇ।

ਰਾਏ ਬੁਲਾਰ ਨੇ ਸੇਵਾ ਕੀਤੀ, ਤਾਜ਼ਾ ਅਮਰ ਕਹਾਣੀ।
ਬੇਬੇ ਨਾਨਕੀ ਪਿਆਰ ਨਿਭਾ ਕੇ, ਮੌਜ ਵਧੇਰੇ ਮਾਣੀ।

ਬਾਬਰ ਜ਼ੁਲਮੀ ਤੇਗ ਚਲਾ ਕੇ, ਫੜ ਹਿੰਦੂਆਂ ਨੂੰ ਢਾਹਿਆ।
ਗੁਰੂ ਨਾਨਕ ਨੇ ਰਖਿਆ ਕੀਤੀ, ਜ਼ੁਲਮੋਂ ਆਣ ਬਚਾਇਆ।

ਗੁਰੂ ਨਾਨਕ ਦੀ ਬਾਣੀ ਸੁਣ ਕੇ, ਬਾਬਰ ਪਾਪੋਂ ਡਰਿਆ।
ਸੱਚ ਵਸਿਆ ਜਾਂ ਉਸ ਦੇ ਅੰਦਰ, ਭਵਜਲ ਬੇੜਾ ਤਰਿਆ।

ਸਾਧ ਫ਼ਕੀਰ ਬਾਬਰ ਨੇ ਛੱਡੇ, ਗੁਰ ਨੂੰ ਸੀਸ ਨਿਵਾਇਆ।
ਧੁਰ ਦੀ ਮਿਠੀ ਬਾਣੀ ਸੁਣ ਕੇ, ਰੋ ਰੋ ਕੇ ਪਛੁਤਾਇਆ।

ਪਾਂਧੇ ਕਾਜ਼ੀ ਗੁਰੂ ਨਾਨਕ ਨੇ, ਰੱਬ ਦੇ ਰਸਤੇ ਲਾਏ।
ਗਊ ਸੂਰ ਹੈ ਹੱਕ ਬੇਗਾਨਾ, ਗੁਰੂ ਨਾਨਕ ਸਮਝਾਏ।

ਭਾਈ ਲਾਲੋ ਨੂੰ ਗੁਰੂ ਨਾਨਕ ਨੇ, ਵਿਚ ਦੁਨੀਆ ਵਡਿਆਇਆ।
ਨਿੰਦਿਆ ਭਾਗੋ ਦਾ ਭੰਡਾਰਾ, ਕੌਤਕ ਸੀ ਵਰਤਾਇਆ।

ਤਪਦੇ ਤੇਲ ਕੜਾਹੇ ਠੰਢੇ, ਗੁਰੂ ਨਾਨਕ ਨੇ ਕੀਤੇ।
ਧੰਨ ਭਾਈ ਮਰਦਾਨਾ, ਜਿਸ ਨੇ ਸ਼ੌਕ-ਪਿਆਲੇ ਪੀਤੇ।

'ਮਨਿ ਜੀਤੈ ਜਗੁ ਜੀਤੁ' ਗੁਰੂ ਨੇ, ਆਖਿਆ ਆਪ ਜ਼ਬਾਨੋਂ।
ਜਨਮ ਪਦਾਰਥ ਸਫਲਾ ਕਰ ਲਓ, ਭਲਾ ਕਰੋ ਇਨਸਾਨੋਂ।

ਡਿਗਦੇ ਪਰਬਤ ਪੰਜੇ ਉਤੇ, ਰੋਕਣ ਵਾਲਿਆ ਸਾਈਆਂ!
ਜਗ ਦਿਆ ਮਾਹੀਆ ਪਿਆਰ ਤੇਰੇ ਨੂੰ, ਦਿੰਦਾ 'ਜਗਤ' ਵਧਾਈਆਂ!



www.AKJ.Org

# ਕਾਰਜ-ਸਾਧਕ ਕਮੇਟੀ ਦੇ ਫ਼ੈਸਲੇ

ਪੰਜ ਅਕਤੂਬਰ ੧੯੧੩ ਨੂੰ ਸਰਬ-ਹਿੰਦ ਅਖੰਡ ਕੀਰਤਨੀ ਜੱਥੇ ਦੀ ਐਗਜ਼ੈਕਟਿਵ ਦੀ ਮੀਟਿੰਗ ਬਾਅਦ ਦੁਪਹਿਰ, ਗੁਰਦੁਆਰਾ ੩੩ ਸੈਕਟਰ, ਰਾਜਿੰਦਰ ਨਗਰ, ਨਵੀਂ ਦਿਲੀ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਈ। ਅਰੰਭ ਵਿਚ ਮਾਨਯਵਰ ਬਾਊ ਮਲ ਸਿੰਘ ਜੀ ਨੇ ਬੜੇ ਬੈਰਾਗ ਵਿਚ ਹਜ਼ੂਰੀ ਅੰਦਰ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਜੀ, ਅਸਾਂ ਨਾਚੀਜ਼ਾਂ, ਬੇਸਮਝਾਂ ਨੂੰ ਆਪਣੀ ਰਾਹ-ਨੁਮਾਈ ਬਖ਼ਸ਼ੋ, ਤਾਂ ਜੋ ਗੁਰਮਤਿ ਦੀ ਰੋਸ਼ਨੀ ਵਿਚ ਕੁਝ ਵਿਚਾਰਾਂ ਕਰ ਸਕੀਏ।

ਇਕੱਤਰਤਾ ਵਿਚ ਹੇਠ ਲਿਖੇ ਸਜਣ ਹਾਜ਼ਰ ਸਨ—
੧. ਮਾਨਯਵਰ ਬਾਊ ਮਲ ਸਿੰਘ ਜੀ, ੨. ਭਾਈ ਸਾਹਿਬ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ, ੩. ਭਾਈ ਸਾਹਿਬ ਭਾਈ ਸੂਰਤ ਸਿੰਘ ਪੂਰਨ ਜੀ, ੪. ਭਾਈ ਸਾਹਿਬ ਰਾਮ ਸਿੰਘ ਜੀ ਢਿਲੋਂ ਕਾਨਪੁਰ, ੫. ਭਾਈ ਸਾਹਿਬ ਮੋਹਨ ਸਿੰਘ ਜੀ ਗਾਰਡ, ੬. ਭਾਈ ਸਾਹਿਬ ਬਾਵਾ ਸਿੰਘ ਜੀ ਕੁਮਾਰ ਹੱਟੀ, ੭. ਭਾਈ ਸਾਹਿਬ ਬਲਬੀਰ ਸਿੰਘ ਜੀ ਲੁਧਿਆਨਾ, ੮. ਭਾਈ ਸਾਹਿਬ ਹਰਬੰਸ ਸਿੰਘ ਜੀ ਦਿਲੀ, ੯. ਭਾਈ ਸਾਹਿਬ ਮਿਹਰ ਸਿੰਘ ਜੀ ਦਿਲੀ, ੧੦. ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ, ੧੧. ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ., ੧੨. ਭਾਈ ਸਾਹਿਬ ਦੁਰਲਭ ਸਿੰਘ ਜੀ ਅੰਬਾਲਾ ਛਾਉਣੀ, ੧੩. ਭਾਈ ਸਾਹਿਬ ਗੁਰਬਚਨ ਸਿੰਘ ਜੀ ਅੰਮ੍ਰਿਤਸਰ, ੧੪. ਗਿਆਨੀ ਜਸਵੰਤ ਸਿੰਘ ਜੀ ਐਡੀਟਰ 'ਸੂਰਾ', ੧੫. ਭਾਈ ਸਾਹਿਬ ਕੰਵਰ ਸਿੰਘ ਜੀ ਅੰਮ੍ਰਿਤਸਰ, ੧੬. ਭਾਈ ਸੇਵਾ ਸਿੰਘ ਅੰਮ੍ਰਿਤਸਰ।

ਮਾਨਯੋਗ ਬਾਊ ਜੀ ਨੇ ਜੱਥੇਬੰਦੀ ਨੂੰ ਮਜ਼ਬੂਤ ਕਰਨ ਲਈ ਅਪੀਲ ਕੀਤੀ ਅਤੇ ਕਿਹਾ ਕਿ ਸਾਨੂੰ ਆਪਸ ਵਿਚ ਅੰਮੀ-ਜਾਇਆਂ ਵਾਂਗ ਇਕ-ਮਿਕ ਹੋ ਕੇ ਰਹਿਣਾ ਚਾਹੀਦਾ ਹੈ। ਇਸ ਬਾਰੇ ਉਨ੍ਹਾਂ ਨੇ ਆਪਣੇ ਹੋਰ ਵਿਚਾਰ ਦਸੇ ਅਤੇ ਬਾਕੀ ਮੈਂਬਰਾਂ ਤੋਂ ਸੁਝਾਵਾਂ ਦੀ ਮੰਗ ਕੀਤੀ।

ਸਰਬ-ਸੰਮਤੀ ਨਾਲ ਹੇਠ ਲਿਖੇ ਗੁਰਮਤੇ ਪਾਸ ਕੀਤੇ ਗਏ :—

੧. ਜੱਥੇ ਦੇ ਸਾਰੇ ਸਿੰਘ ਆਪੋ ਵਿਚ ਸਕੇ ਵੀਰਾਂ ਭੈਣਾਂ ਵਾਂਗ ਰਹਿਣ। ਵਖ ਵਖ ਟੋਲੀਆਂ ਬਣਾਉਣ ਦੀ ਥਾਂ ਅਸੀਂ ਸਾਰੇ ਰਲ ਕੇ ਜੱਥੇਏਂਦ ਹੋ ਕੇ ਰਹੀਏ। ਇਕ ਦੂਜੇ ਦੀ ਨੁਕਤਾਚੀਨੀ ਕਿਸੇ ਰੂਪ ਵਿਚ ਵੀ ਕਰਨੀ ਮਾੜੀ ਹੈ। ਨਿੰਦਿਆ ਤੇ ਨੁਕਤਾਚੀਨੀ ਤੋਂ ਸਦਾ ਪਰਹੇਜ਼ ਕਰੀਏ। ਹਰੇਕ ਗੱਲ ਪ੍ਰੇਮ-ਪਿਆਰ ਤੇ ਸਤਿਕਾਰ ਨਾਲ ਸਮਝੀ-ਸਮਝਾਈ ਜਾ ਸਕਦੀ ਹੈ।

੨. ਕੋਈ ਵੀ ਜੱਥੇਬੰਦੀ ਕਿਸੇ ਡਿਸਿਪਲਨ (ਜ਼ਬਤ) ਦੇ ਅਧੀਨ ਹੀ ਕਾਇਮ ਰਹਿ ਸਕਦੀ ਹੈ। ਸਾਨੂੰ ਸਭ ਨੂੰ ਜੱਥੇ ਦੇ ਨਿਯਮਾਂ ਤੇ ਫ਼ੈਸਲਿਆਂ ਨੂੰ ਖਿੜੇ ਮੱਥੇ ਪਰਵਾਨ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਪਾਬੰਦ ਹੋਣਾ ਜ਼ਰੂਰੀ ਹੈ। ਆਪ-ਹੁਦਰੀ ਕੋਈ ਵੀ ਗੱਲ ਕਰਨੀ ਜੱਥੇ-ਬੰਦੀ ਵਿਚ ਤਰੇੜ ਪਾਉਣਾ ਹੈ।

੩. ਜੱਥੇ ਦੇ ਸਿੰਘਾਂ ਤੋਂ ਇਲਾਵਾ ਹੋਰ ਸੰਗਤਾਂ ਨਾਲ ਪ੍ਰੇਮ-ਪਿਆਰ ਤੇ ਸਤਿਕਾਰ ਦੀ ਵਰਤੋਂ ਕੀਤੀ ਜਾਵੇ। ਆਪਣੇ ਆਪ ਨੂੰ ਕੁਝ ਸਮਝ ਬਹਿਣਾ ਅਤੇ ਦੂਜਿਆਂ ਨੂੰ ਨੀਵਿਆਂ ਗਿਣਨਾ. ਉਟੰਕਣ ਕਰਨਾ ਆਦਿ ਨਿਰਾ ਹਉਮੈ ਦਾ ਕੁਚੱਜ ਹੈ। ਹੋਰਨਾਂ ਨੂੰ ਚੌਰਾਸੀ ਕਹਿਣਾ ਨਿਰੀ ਮਨਮਤ ਹੈ; ਸਗੋਂ ਇਸ ਤੋਂ ਉਲਟ ਮਿਠਾਸ, ਨਿਰਮਾਣਤਾ, ਗਰੀਬੀ, ਹਲੀਮੀ ਅਤੇ ਵੇਖ ਕੇ ਅਣਡਿਠ ਕਰਨਾ ਆਦਿ ਗੁਣ ਧਾਰਨ ਕਰਨੇ ਨਿਰੋਲ ਗੁਰਮਤਿ ਹੈ।

੪. ਗੁਰਮਤਿ ਅਨੁਸਾਰ ਪਹਿਰਾਵਾ ਸਾਦਾ ਹੋਣਾ ਲਾਜ਼ਮੀ ਹੈ। ਖ਼ਾਸ ਕਰਕੇ ਸਮਾਗਮਾਂ ਵਿਚ ਤੇ ਗੁਰੂ-ਦਰਬਾਰ ਵਿਚ ਆਉਣ ਸਮੇਂ ਵੀਰਾਂ ਭੈਣਾਂ ਨੂੰ ਇਸ ਵਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ। ਭੜਕੀਲੇ ਤੇ ਅਣ-ਢੁਕਵੇਂ ਬਸਤਰ ਪਹਿਰਨ ਤੋਂ ਸਦਾ ਸੰਕੋਚ ਕਰਨਾ ਜ਼ਰੂਰੀ ਹੈ। ਬੀਬੀਆਂ ਸਰਬ-ਤਨ ਢਕਵੇਂ ਬਸਤਰ ਪਹਿਰ ਕੇ ਆਉਣ। ਅੱਧ-ਨੰਗੀਆਂ ਬਾਹਵਾਂ ਅਤੇ ਖੁਲ੍ਹੇ ਗਲੇ ਵਾਲੇ ਬਸਤਰ ਬੇਹਿਯਾਈ ਹੈ। ਫੈਸ਼ਨੇਬਲ ਦਸਤਾਰਾਂ ਸਜਾਉਣੀਆਂ ਅਤੇ ਕੇਸਾਂ ਨੂੰ ਪੂਰੀ ਤਰ੍ਹਾਂ



www.AKJ.Org

ਨਾ ਢਕਣਾ ਦਸਤਾਰ ਤੇ ਕੇਸਾਂ ਦੀ ਬੇਅਦਬੀ ਹੈ । ਸਰੀਰ ਨਾਲ ਚਿੰਬੜੇ ਹੋਏ ਤੰਗ ਕਪੜੇ ਵੀ ਕੋਝਾ ਤੇ ਮਾਰੂ ਫ਼ੈਸ਼ਨ ਹੈ, ਜਿਸ ਤੋਂ ਬਚਣਾ ਜ਼ਰੂਰੀ ਹੈ । ਕਿਸੇ ਕਿਸਮ ਦਾ ਗਹਿਣਾ ਪਾਉਣਾ ਮਨਮਤ ਹੈ । ਇਸੇ ਤਰ੍ਹਾਂ ਸਿੰਘਾਂ ਵਲੋਂ ਤੰਗ ਪਤਲੂਣਾਂ, ਉਚੀਆਂ ਬੂਸ਼ਟਾਂ ਅਤੇ ਨਿਕੇ ਨਿਕੇ ਕੱਛੇ ਪਾ ਕੇ ਲੰਗਰ, ਦੇਗ, ਪਾਠ ਆਦਿ ਦੀ ਸੇਵਾ ਕਰਨ ਸਮੇਂ ਕੁਹਜੇ-ਪਣ ਦਾ ਪ੍ਰਗਟਾਵਾ ਹੁੰਦਾ ਹੈ । ਕਛਹਿਰਾ ਗੁਰਮੁਖ-ਗੁਰਸਿਖਾਂ ਵਾਲਾ ਹੋਣਾ ਚਾਹੀਦਾ ਹੈ ।

(ਅ) ਸਮੂੰਹ ਸਿਖ ਸੰਗਤਾਂ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਉਹ ਸਾਦੇ ਪਹਿਰਾਵੇ, ਸਾਦੀ ਖ਼ੁਰਾਕ ਤੇ ਸਾਦਾ ਜ਼ਿੰਦਗੀ ਨੂੰ ਅਪਨਾਉਣ । ਇਹ ਗੁਰਸਿਖੀ ਦਾ ਮੁਖ ਅਸੂਲ ਹੈ ।

੫. ਸਰਬ-ਹਿੰਦ ਅਖੰਡ ਕੀਰਤਨੀ ਜੱਥੇ ਦਾ ਆਪਣਾ ਮਾਸਕ ਪੱਤਰ ਕੇਵਲ ਇਕੋ ਇਕ 'ਸੂਰਾ' ਹੈ ।

੬. (ੳ) ਫ਼ੈਸਲਾ ਕੀਤਾ ਗਿਆ ਕਿ ਲੋਕਲ ਤੇ ਵਡੇ ਸਮਾਗਮਾਂ ਵਿਚ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਅਠ ਵਜੇ ਅਤੇ ਨੌ ਵਜੇ ਦੇ ਵਿਚ ਵਿਚ ਹੋ ਜਾਣੀ ਚਾਹੀਦੀ ਹੈ। ਇਸ ਤੋਂ ਮਗਰੋਂ ਪ੍ਰੋਗਰਾਮ ਅਨੁਸਾਰ ਅਖੰਡ ਕੀਰਤਨ ਚਲਦਾ ਰਖਿਆ ਜਾ ਸਕਦਾ ਹੈ।

(ਅ) ਰੈਣ-ਸਬਾਈ ਕੀਰਤਨ ਸਮੇਂ ਵੀ ਆਸਾ ਦੀ ਵਾਰ ਦਾ ਕੀਰਤਨ ਕਰ ਕੇ ਭੋਗ ਪਾਉਣਾ ਚਾਹੀਦਾ ਹੈ। ਸਮਾਪਤੀ ਦਾ ਵਕਤ ਪ੍ਰੋਗਰਾਮ ਅਨੁਸਾਰ ਅਠ ਤੋਂ ਪਹਿਲਾਂ ਹੋ ਸਕਦਾ ਹੈ।

੭. ਅਖ਼ੀਰ ਵਿਚ ਹੇਠ ਲਿਖਿਆ ਗੁਰਮਤਾ ਸਰਬ-ਸੰਮਤੀ ਨਾਲ ਕੀਤਾ ਗਿਆ—

"ਪੰਜਾਬ ਸਰਕਾਰ ਸ੍ਰੀ ਅੰਮ੍ਰਿਤਸਰ ਨੂੰ ਪਵਿਤਰ ਨਗਰੀ (Holy City) ਕਰਾਰ ਦੇ ਕੇ ਇਥੋਂ ਜਗਤ-ਜੂਠ ਤਮਾਕੂ, ਸਿਗਰਟ, ਬੀੜੀ ਤੇ ਸ਼ਰਾਬ-ਨੋਸ਼ੀ ਅਤੇ ਇਨ੍ਹਾਂ ਦੀ ਵਿਕਰੀ ਨੂੰ ਕਾਨੂੰਨਨ ਬੰਦ ਕਰੇ। ਹਰਦੁਆਰ ਤੇ ਕੁਰਕਸ਼ੇਤਰ ਤੋਂ ਮਾਸ ਸ਼ਰਾਬ ਬੰਦ ਕੀਤੇ ਜਾਣ ਵਾਂਗ ਪੰਜਾਬ ਸਰਕਾਰ ਨੂੰ ਵੀ ਅਜਿਹਾ ਕਦਮ ਚੁਕ ਕੇ ਜੱਸ ਖਟਣਾ ਚਾਹੀਦਾ ਹੈ।"

---

# ਗੁਰੂ ਨਾਨਕ ਮਿਸ਼ਨ ਸੋਸਾਇਟੀ (ਰਜਿਸਟ੍ਰਡ) ਕੋਟਾ ਵਲੋਂ ਮਤਾ

ਹੇਠ ਲਿਖਿਆ ਮਤਾ ਸੋਸਾਇਟੀ ਦੀ ੧੯-੧੦-੭੩ ਦੀ ਮੀਟਿੰਗ ਵਿਚ ਪਾਸ ਕੀਤਾ ਗਿਆ—

## ਮਤਾ

ਸ੍ਰੀ ਅੰਮ੍ਰਿਤਸਰ ਦੀ ਨਗਰੀ, ਜਿਸ ਵਿਚ ਹਰੀਮੰਦਰ ਸਥਿਤ ਹੈ, ਸਿਖਾਂ ਲਈ ਸਭ ਤੋਂ ਮਹਾਨ ਪਵਿਤਰ ਅਸਥਾਨ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨਾਂ ਲਈ ਦੂਰ ਦਰਾਜ਼ ਤੋਂ ਸ਼ਰਧਾਲੂ ਆਉਂਦੇ ਹਨ । ਪਰੰਤੂ ਇਹ ਗੱਲ ਹਰੇਕ ਮਨੁਖ ਲਈ ਹਿਰਦੇ-ਵੇਧਕ ਹੈ ਕਿ ਐਸੀ ਪਾਵਨ ਨਗਰੀ ਵਿਚ ਤੰਬਾਕੂ ਵਰਗੀ ਨਿੰਦਤ ਵਸਤੂ ਦੀ ਵਰਤੋਂ ਤੇ ਵਿਕਰੀ ਉਤੇ ਕੋਈ ਪਾਬੰਦੀ ਨਹੀਂ ।

ਅਸਾਧ ਰੋਗਾਂ ਤੇ ਦਿਲੀ ਬਿਮਾਰੀਆਂ ਦਾ ਕਾਰਨ ਤੰਬਾਕੂ, ਇਸ ਸਮੇਂ ਮਨੁਖੀ ਅਰੋਗਤਾ ਲਈ ਇਕ ਗੰਭੀਰ ਮਸਲੇ ਦਾ ਰੂਪ ਧਾਰਨ ਕਰ ਗਿਆ ਹੈ ਅਤੇ ਅਮਰੀਕਾ ਜਹੀਆਂ ਕਈ ਸਿਆਣੀਆਂ ਸਰਕਾਰਾਂ ਨੇ ਇਸ ਦੀ ਵਰਤੋਂ ਤੇ ਰੋਕ ਲਾਉਣ ਲਈ ਕਾਨੂੰਨ ਪਾਸ ਕਰ ਦਿਤੇ ਹਨ। ਸਿਖਾਂ ਲਈ, ਜਿਨ੍ਹਾਂ ਨੂੰ ਇਸ ਮਲੀਨ ਜ਼ਹਿਰ ਤੋਂ ਪੂਰਨ ਪਰਹੇਜ਼ ਕਰਨ ਲਈ ਗੁਰੂ ਸਾਹਿਬ ਦੀ ਕਰੜੀ ਆਗਿਆ ਭੀ ਮੌਜੂਦ ਹੈ, ਇਹ ਜ਼ਹਿਰ ਹੋਰ ਵੀ ਜ਼ਿਆਦਾ ਤਿਆਗਣ ਯੋਗ ਹੈ।

ਫਿਰ ਇਤਨੀ ਮਹਾਨ ਪਵਿਤ੍ਰਤਾ ਵਾਲੇ ਸ਼ਹਿਰ ਦੇ ਵਾਯੂ-ਮੰਡਲ ਨੂੰ ਤੰਬਾਕੂ ਦੀ ਘ੍ਰਿਣਿਤ ਬਦਬੂ ਨਾਲ ਅਪਵਿਤਰ ਕਰਨਾ ਸਿਖ ਜਜ਼ਬਾਤ ਨੂੰ ਬੁਰੀ ਤਰ੍ਹਾਂ ਮਜ਼ਰੂਹ ਕਰਨ ਦੇ ਤੁਲ ਹੈ।

ਇਸ ਮਤੇ ਰਾਹੀਂ ਉਪ੍ਰੋਕਤ ਸੋਸਾਇਟੀ ਪੰਜਾਬ ਦੇ ਮੁਖ-ਮੰਤਰੀ ਪਾਸੋਂ ਮੰਗ ਕਰਦੀ ਹੈ ਕਿ ਸ੍ਰੀ ਅੰਮ੍ਰਿਤਸਰ ਦੀ ਮਿਉਂਸਿਪਲ ਹਦੂਦ ਵਿਚੋਂ ਤੰਬਾਕੂ ਅਤੇ ਤੰਬਾਕੂ-ਵਸਤੂਆਂ ਦਾ ਨੋਸ਼, ਚਬੋਸ਼ (ਚਬਣਾ) ਅਤੇ ਫ਼ਰੋਸ਼ ਕਰਨਾ ਕਾਨੂੰਨੀ ਤੌਰ ਤੇ ਬੰਦ ਕੀਤਾ ਜਾਵੇ।

ਦਸਖਤ (ਜਗਤਾਰ ਸਿੰਘ)
ਸਕੱਤਰ, ਗੁਰੂ ਨਾਨਕ ਮਿਸ਼ਨ ਸੋਸਾਇਟੀ (ਰਜਿਸਟ੍ਰਡ) ਕੋਟਾ—੨ (ਰਾਜਿਸਥਾਨ)

www.AKJ.Org

# ਚਾਹ ਵਿਚਲੇ ਕੈਮੀਕਲ ਅੰਸ਼ਾਂ ਦਾ ਅਸਰ

[ ਵਲੋਂ :— ਸ: ਮਾਲਕ ਸਿੰਘ ਜੀ, ਕੈਮੀਕਲ ਇਨਚਾਰਜ, ਸਟੇਟ ਐਗਮਾਰਕ ਲਬਾਰੇਟਰੀ, ਅੰਮ੍ਰਿਤਸਰ ]

ਜਿਸ ਭਾਰਤ-ਦੇਸ ਵਿਚ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਅਜ ਉਥੇ ਹੀ ਚਾਹ ਦੇ ਪਰਵਾਹ ਚਲ ਰਹੇ ਹਨ। ਜਿਧਰ ਦੇਖੋ, ਚਾਹ ਹੀ ਪ੍ਰਧਾਨ ਹੈ। ਇਸ ਚਾਹ ਨੇ ਇਨਸਾਨ ਦੇ ਅੰਦਰ ਖ਼ੁਸ਼ਕੀ ਦਾ ਡੇਰਾ ਜਮਾ ਲਿਆ ਹੈ। ਚਾਹ ਪੀ ਪੀ ਕੇ ਬਰਦਾਸ਼ਤ ਦਾ ਮਾਦਾ ਖ਼ਤਮ ਹੁੰਦਾ ਜਾ ਰਿਹਾ ਹੈ ਅਤੇ ਗਰਮ ਸੁਭਾਅ ਵਾਲੀ ਤਬੀਅਤ ਹਰ ਵਿਅਕਤੀ ਦੀ ਬਣਦੀ ਜਾ ਰਹੀ ਹੈ। ਕੈਮੀਕਲਾਂ ਦੇ ਅਸਰ ਦੇ ਹਿਸਾਬ ਨਾਲ ਚਾਹ ਨੂੰ ਮੁੱਖ ਦੋ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ :—

**ਹਲਕੀ ਅਤੇ ਤੇਜ਼ ਚਾਹ :—**

ਚਾਹ ਜਿਤਨੀ ਤੇਜ਼ ਹੁੰਦੀ ਹੈ, ਉਤਨੀ ਹੀ ਉਹ ਨੁਕਸਾਨ-ਦੇਹ ਹੁੰਦੀ ਹੈ ਅਤੇ ਜ਼ਹਿਰੀਲੇ ਕੈਮੀਕਲ (ਜਿਨ੍ਹਾਂ ਦਾ ਵੇਰਵਾ ਪਿਛਲੇ ਲੇਖ ਵਿਚ ਦਿਤਾ ਜਾ ਚੁਕਾ ਹੈ) ਉਤਨੇ ਜ਼ਿਆਦਾ ਉਸ ਵਿਚ ਘੁਲ-ਮਿਲ ਜਾਂਦੇ ਹਨ। ਆਮ ਕਰਕੇ ਚਾਹ ਦੀ ਸਾਰੀ ਰੰਗਤ ਕੈਫ਼ੀਨ ਕਰਕੇ ਹੀ ਹੁੰਦੀ ਹੈ। ਲੰਗਰਾਂ, ਵਿਆਹਾਂ ਅਤੇ ਹੋਰ ਟੀ-ਪਾਰਟੀਆਂ ਦੇ ਸਮੇਂ ਜੋ ਇਕੱਠੀ ਚਾਹ ਬਣਾ ਕੇ ਘੰਟਿਆਂ-ਬਧੀ ਤੇ ਬਾਰ ਬਾਰ ਗਰਮ ਕਰ ਕੇ ਇਸਤੇਮਾਲ ਕੀਤੀ ਜਾਂਦੀ ਹੈ,ਉਹ ਸਭ ਤੋਂ ਜ਼ਿਆਦਾ ਨੁਕਸਾਨ-ਦਾਇਕ ਹੈ। ਜ਼ਬਾਨ ਦਾ ਚਸਕਾ ਅਤੇ ਅਮਲ ਭਾਵੇਂ ਪੂਰਾ ਹੋ ਜਾਂਦਾ ਹੈ, ਪਰ ਸਰੀਰ ਲਈ ਐਸੀ ਤੇਜ਼ ਅਤੇ ਕਾਫ਼ੀ ਦੇਰ ਦੀ ਬਣਾ ਕੇ ਰਖੀ ਹੋਈ ਚਾਹ ਸਿਹਤ ਲਈ ਬਹੁਤ ਖ਼ਤਰਨਾਕ ਹੁੰਦੀ ਹੈ।

**ਚਾਹ ਅਤੇ ਸਰਬ-ਲੋਹ :—**

ਪਿਛਲੇ ਲੇਖ ਵਿਚ ਇਹ ਲਿਖਿਆ ਜਾ ਚੁੱਕਾ ਹੈ ਕਿ ਟੈਨਿਨ ਇਨਸਾਨ ਦੇ ਭੋਜਨ ਰਾਹੀਂ ਖਾਧੇ ਹੋਏ ਫ਼ੌਲਾਦੀ-ਅੰਸ਼ ਨੂੰ ਅਣ-ਪੱਚ (Un-digestible) ਬਣਾ ਦਿੰਦੀ ਹੈ। ਜਿਥੇ ਫ਼ੌਲਾਦ ਨੇ ਜਿਸਮ ਨੂੰ ਫ਼ੌਲਾਦ ਵਰਗਾ ਮਜ਼ਬੂਤ, ਤਾਕਤਵਰ, ਸਿਹਤਮੰਦ ਬਣਾਉਣਾ ਹੁੰਦਾ ਹੈ, ਉਥੇ ਚਾਹ ਦੀ ਟੈਨਿਨ ਨਾਲ ਮਿਲ ਕੇ ਇਹ ਫ਼ੌਲਾਦ ਬੇਕਾਰ ਹੋ ਜਾਂਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਚਾਹ ਅਤੇ ਫ਼ੌਲਾਦ ਦਾ ਆਪਸ ਵਿਚ ਅੱਗ ਪਾਣੀ ਵਰਗਾ ਵੈਰ ਹੈ। ਦਸਮੇਸ਼-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਤ-ਸਿਪਾਹੀ ਖ਼ਾਲਸੇ ਨੂੰ ਆਤਮਕ ਤੇ ਸਰੀਰਕ ਤੌਰ ਤੇ ਬਲਵਾਨ ਬਣਾਉਣ ਲਈ ਸਰਬਲੋਹ ਦੀ ਦਾਤ ਬਖ਼ਸ਼ੀ। ਅੰਮ੍ਰਿਤ ਸਰਬਲੋਹ ਦੇ ਬਾਟੇ ਵਿਚ ਅਤੇ ਸਰਬਲੋਹ ਦੇ ਖੰਡੇ ਨਾਲ, ਗੁਰਬਾਣੀ ਦੇ ਉਚਾਰਨ ਨਾਲ ਤਿਆਰ ਕੀਤਾ ਜਾਂਦਾ ਹੈ। ਸਰਬਲੋਹ ਦੇ ਭਾਂਡਿਆਂ ਵਿਚ ਤਿਆਰ ਕੀਤੇ ਹੋਏ ਭੋਜਨ (ਲੰਗਰ) ਰਾਹੀਂ ਸਹਿਜ ਸੁਭਾਏ ਹੀ ਕਾਫ਼ੀ ਮਾਤਰਾ ਵਿਚ ਫ਼ੌਲਾਦ ਅਤੇ ਹੋਰ ਧਾਤੂ ਸਾਡੇ ਸਰੀਰ ਵਿਚ ਪਰਵੇਸ਼ ਕਰ ਜਾਂਦੇ ਹਨ, ਜੋ ਕਿ ਸਾਡੇ ਸਰੀਰ ਲਈ ਬਹੁਤ ਲੁੜੀਂਦੇ ਹਨ। ਇਤਨਾ ਫ਼ੌਲਾਦ ਸਾਨੂੰ ਕਈ ਕੀਮਤੀ ਫਲਾਂ ਅਤੇ ਸਬਜ਼ੀਆਂ ਤੋਂ ਵੀ ਨਹੀਂ ਮਿਲ ਸਕਦਾ ਜਿਤਨਾ ਕਿ ਸਰਬਲੋਹ ਵਿਚ ਛਕਣ ਨਾਲ ਹਰ ਰੋਜ਼ ਸਹਿਜ ਸੁਭਾਏ ਹੀ ਮਿਲ ਜਾਂਦਾ ਹੈ। **ਇਥੇ ਇਹ ਵੀ ਲਿਖਣਾ ਉਚਿਤ ਹੋਏਗਾ ਕਿ ਸਰਬਲੋਹ ਦਾ ਇਹ ਫ਼ੌਲਾਦੀ ਗੁਣ ਸਟੀਲ (Stainless Steel) ਵਿਚ ਬਿਲਕੁਲ ਨਹੀਂ ਹੁੰਦਾ।** ਫ਼ੈਸ਼ਨ ਦੇ ਤੌਰ ਤੇ ਭਾਵੇਂ ਸਟੀਲ ਦੇ ਭਾਂਡਿਆਂ ਦੀ ਵਰਤੋਂ ਦਿਨ-ਬਦਿਨ ਵਧਦੀ ਜਾ ਰਹੀ ਹੈ, ਪਰ ਸਰਬਲੋਹ ਦੇ ਗੁਣ ਇਸ ਵਿਚ ਨਾਂ-ਮਾਤਰ ਵੀ ਨਹੀਂ ਹਨ। ਇਕ ਪਾਸੇ ਜੇ ਅਸੀਂ ਸਰਬਲੋਹ ਦੇ ਬਰਤਨਾਂ ਵਿਚ ਭੋਜਨ ਤਿਆਰ ਕਰ ਕੇ ਛਕਦੇ ਹੋਈਏ ਅਤੇ ਦੂਜੇ ਪਾਸੇ ਚਾਹ ਦੇ ਵੀ ਅਮਲੀ ਹੋਈਏ ਤਾਂ ਇਹ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਸਰਬਲੋਹ ਅਤੇ ਹੋਰ ਕਈ ਤਰੀਕਿਆਂ ਨਾਲ ਖਾਧਾ ਹੋਇਆ ਫ਼ੌਲਾਦੀ ਅੰਸ਼ ਚਾਹ ਪੀ ਕੇ ਨਸ਼ਟ ਕਰ ਰਹੇ ਹਾਂ, ਕਿਉਂਕਿ ਚਾਹ ਅੰਦਰ ਮੌਜੂਦ ਟੈਨਿਨ ਫ਼ੌਲਾਦ ਨੂੰ ਅਣ-ਪਾਚਕ (Un-digestible) ਬਣਾ ਦਿੰਦੀ ਹੈ।

**ਗੁਰਸਿੱਖ ਲਈ ਚਾਹ ਦਾ ਅਮਲ ਚੰਗਾ ਨਹੀਂ :—**

ਨਸ਼ੇ ਦਾ ਅਮਲ ਕੋਈ ਵੀ ਹੋਵੇ, ਕਿਸੇ ਵੀ ਵਸਤੂ ਦਾ ਹੋਵੇ, ਹਰ ਵਿਅਕਤੀ ਲਈ ਬੁਰਾ ਹੀ ਹੈ, ਪਰ ਖ਼ਾਸ ਕਰਕੇ



www.AKJ.Org

ਗੁਰਮਤਿ ਮਾਰਗ ਤੇ ਚਲਣ ਵਾਲੇ ਨੂੰ ਤਾਂ ਕਿਸੇ ਵੀ ਵਸਤੂ ਦਾ ਅਮਲੀ ਨਹੀਂ ਹੋਣਾ ਚਾਹੀਦਾ। ਗੁਰਸਿਖ ਲਈ ਤਾਂ ਹੁਕਮ ਹੈ "ਅੰਨ ਪਾਣੀ ਥੋੜਾ ਖਾਇਆ" ਅਥਵਾ "ਅਲਪ ਅਹਾਰ ਸੁਲਪ ਸੀ ਨਿੰਦਰਾ"। ਗੁਰਸਿਖ ਲਈ ਤਾਂ ਪ੍ਰਸ਼ਾਦੇ ਦਾ ਅਮਲ ਹੀ ਲੋੜ ਮੁਤਾਬਕ ਉਚਿਤ ਹੈ। ਜਿਵੇਂ ਅਫ਼ੀਮੀ, ਪੋਸਤੀ, ਭੰਗੀ ਅਤੇ ਸ਼ਰਾਬੀ ਨੂੰ ਅਮਲ ਦਾ ਟੋਟਾ ਆਉਣ ਤੇ ਬੁਰੀ ਹਾਲਤ ਹੁੰਦੀ ਹੈ ਤਿਵੇਂ ਹੀ ਚਾਹ ਦੇ ਅਮਲੀ ਨੂੰ ਚਾਹ ਨਾ ਮਿਲਣ ਤੇ ਸਿਰ-ਦਰਦ, ਚੱਕਰ ਅਤੇ ਡੋਰ-ਭੋਰਤਾ ਮਹਿਸੂਸ ਹੋਣ ਲਗ ਪੈਂਦੀ ਹੈ।

ਗੁਰਸਿਖਾਂ ਲਈ ਚਾਹ ਦੀ ਮੁਥਾਜੀ ਨਹੀਂ ਹੋਣੀ ਚਾਹੀਦੀ ਕਿਉਂਕਿ ਇਹ ਹੋਰ ਅਮਲਾਂ ਵਾਂਗ ਸਰੀਰ ਵਿਚ ਬਨਾਉਟੀ ਜੋਸ਼ ਭਰਦੀ ਹੈ, ਪਰ ਉਦ ਸਰੀਰ ਨੂੰ ਕਮਜ਼ੋਰ, ਖੋਖਲਾ, ਆਲਸੀ ਤੇ ਨਿਕਾਰਾ ਕਰ ਦਿੰਦੀ ਹੈ। ਧੁੰਦ ਰੋਗ (Glaucoma) ਵਾਸਤੇ ਤਾਂ ਇਹ ਬਹੁਤ ਹਾਨੀਕਾਰਕ ਹੈ। ਇਸ ਵਿਚਲੇ ਜ਼ਹਿਰੀਲੇ ਅੰਸ਼ ਬਲੱਡ-ਪ੍ਰੈਸ਼ਰ ਵਧਾਂਦੇ ਹਨ, ਜਿਨ੍ਹਾਂ ਨਾਲ ਕਈ ਵਾਰ ਦਿਲ ਦੀ ਹਰਕਤ ਬੰਦ ਹੋਣ ਦਾ ਡਰ ਹੁੰਦਾ ਹੈ। ਦਿਲ ਦੇ ਦੌਰੇ (Heart Attack) ਦੀ ਬੀਮਾਰੀ ਦੇ ਕਾਰਨਾਂ ਵਿਚੋਂ ਵੀ ਇਕ ਵੱਡਾ ਕਾਰਨ ਇਹ ਚਾਹ ਹੀ ਹੈ। ਇਸ ਦੇ ਜ਼ਹਿਰੀਲੇ ਅਸਰ ਨਾਲ ਮਨੁੱਖ ਦੀ ਆਯੂ ਘਟਦੀ ਹੈ। ਸੋ ਚਾਹ ਤੋਂ ਬਚਣਾ ਇਕ ਵੱਡੇ ਦੁਸ਼ਮਣ ਦੀ ਮਾਰ ਤੋਂ ਬਚਣਾ ਹੈ।

## ਚਾਹ ਕਿਵੇਂ ਛੱਡੀ ਜਾਏ ?–

ਗੁਰਸਿਖ ਲਈ ਕੋਈ ਵੀ ਆਦਤ, ਜੋ ਸਹਿਜ ਸੁਭਾਇ ਜਾਂ ਅਨਜਾਣੇ ਵਿਚ ਪੈ ਚੁੱਕੀ ਹੈ, ਛਡਣੀ ਔਖੀ ਗੱਲ ਨਹੀਂ ਹੈ। ਉਸ ਲਈ ਚਾਹ ਛਡਣੀ ਤਾਂ ਮਮੂਲੀ ਗੱਲ ਹੈ, ਕੇਵਲ ਇਰਾਦਾ ਬਣਾਉਣ ਦੀ ਢਿਲ ਹੈ। ਗੁਰਸਿਖ ਨੇ ਤਾਂ ਸੰਸਾਰਕ ਬੰਧਨਾਂ ਤੋਂ ਉਤਾਂਹ ਉਠਣਾ ਹੈ, ਮਾਇਆ ਦੀ ਦਲਦਲ ਤੋਂ ਬਚਣਾ ਹੈ, ਮੋਹ ਦੇ ਚਿੱਕੜ ਤੋਂ ਦੂਰ ਰਹਿਣਾ ਹੈ ਅਤੇ ਤ੍ਰਿਸ਼ਨਾ ਦੀ ਖਾਈ ਤੋਂ ਪਰੇ ਰਹਿਣਾ ਹੈ, ਉਸ ਲਈ ਚਾਹ ਦਾ ਅਮਲ ਛਡਣਾ ਰਤਾ ਵੀ ਔਖਾ ਨਹੀਂ, ਪਰ ਆਮ ਵਿਅਕਤੀਆਂ ਲਈ ਚਾਹ ਦੇ ਅਮਲ ਤੋਂ ਛੁਟਕਾਰਾ ਪਾਣ ਲਈ ਕੁਝ ਸੁਝਾਅ (ਨੁਸਖ਼ੇ) ਹੇਠਾਂ ਦਿਤੇ ਜਾਂਦੇ ਹਨ–

ਕਈ ਸਜਣ ਐਸੇ ਹਨ ਜੋ ਚਾਹ ਵਿਚਲੇ ਜ਼ਹਿਰੀਲੇ ਅਤੇ ਨੁਕਸਾਨਦਾਇਕ ਕੈਮੀਕਲਾਂ ਨੂੰ ਸਮਝ ਕੇ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ, ਪਰ ਰੋਜ਼ ਦੀ ਆਦਤ ਪੱਕ ਜਾਣ ਕਾਰਨ ਚਾਹ ਉਨ੍ਹਾਂ ਨੂੰ ਨਹੀਂ ਛਡਦੀ। ਜਿਵੇਂ ਅਖਾਣ ਹੈ, 'ਅਸੀਂ ਤਾਂ ਕੰਬਲ ਨੂੰ ਛਡਦੇ ਹਾਂ ਪਰ ਹੁਣ ਕੰਬਲ ਸਾਨੂੰ ਨਹੀਂ ਛਡਦਾ।" ਸੋ ਅਜਿਹੇ ਸਜਣਾਂ ਨੂੰ ਚਾਹ ਦੇ ਬਦਲੇ ਲੋੜ ਅਨੁਸਾਰ ਬਨਸ਼ਫਾ, ਸੌਂਫਾ, ਗੁਰੂਕੁਲ ਕਾਂਗੜੀ ਜਾਂ ਆਯੁਰਵੈਦਿਕ ਫ਼ਾਰਮੇਸੀ ਦੀ ਜੜ੍ਹੀ ਬੂਟੀਆਂ ਤੋਂ ਤਿਆਰ ਕੀਤੀ ਹੋਈ ਦੇਸੀ ਚਾਹ ਇਸਤੇਮਾਲ ਕਰ ਲੈਣੀ ਚਾਹੀਦੀ ਹੈ, ਪਰ ਅਮਲੀ ਇਨ੍ਹਾਂ ਦਾ ਵੀ ਨਹੀਂ ਬਣਨਾ ਚਾਹੀਦਾ। ਇਸ ਤਰ੍ਹਾਂ ਦੀ ਦੇਸੀ ਚਾਹ ਘਰ ਵੀ ਬਣਾਈ ਜਾ ਸਕਦੀ ਹੈ।

ਕਈ ਸਜਣ ਅਜਿਹੇ ਵੀ ਹਨ ਜੋ ਇਹ ਕਹਿੰਦੇ ਹਨ, ਅਸੀਂ ਚਾਹ ਦੇ ਅਮਲੀ ਨਹੀਂ ਹਾਂ ਪਰ ਸਿਰ ਦਰਦ, ਠੰਡ, ਜ਼ੁਕਾਮ, ਨਜ਼ਲਾ, ਬੁਖ਼ਾਰ ਜਾਂ ਕਿਸੇ ਹੋਰ ਤਕਲੀਫ਼ ਸਮੇਂ ਮਜਬੂਰਨ ਚਾਹ ਵਰਤ ਲੈਂਦੇ ਹਾਂ। ਉਹਨਾਂ ਦੀ ਸੇਵਾ ਵਿਚ ਵੈਦ ਵਿਸ਼ਾਰਦ ਵਿਚੋਂ ਆਯੁਰਵੈਦਿਕ ਦੇ ਕੁਝ ਨੁਸਖ਼ੇ ਜੋ ਚਾਹ ਦੇ ਰੂਪ ਵਿਚ ਇਸਤੇਮਾਲ ਕੀਤੇ ਜਾ ਸਕਦੇ ਹਨ, ਸੰਖੇਪ ਵਿਚ ਹਾਜ਼ਰ ਹਨ:–

(ੳ) ਅਧਰਕ ਦੀ ਚਾਹ:–

ਨੁਸਖ਼ਾ–ਅਧਰਕ ਤਕਰੀਬਨ ਇਕ ਤੋਲਾ, ਪਾ[illegible] ਇਕ ਪਾ, ਖੰਡ ਅਤੇ ਦੁੱਧ ਲੋੜ ਅਨੁਸਾਰ।

ਵਿਧੀ–ਅਧਰਕ ਦੇ ਛੋਟੇ ਛੋਟੇ ਟੁਕੜੇ ਕਰ ਕੇ ਥੋੜਾ ਜਿਹਾ ਕੁੱਟ ਲਿਆ ਜਾਵੇ, ਪਰ ਰਸ ਬਾਹਰ ਨਾ ਨਿਕਲੇ। ਫਿਰ ਉਸਨੂੰ ਇਕ ਪਾ ਪਾਣੀ ਵਿਚ ਉਬਾਲੋ। ਜਦ ਪਾਣੀ ਅੱਧਾ ਕੁ ਪਾ ਰਹਿ ਜਾਏ ਤਾਂ ਇਸ ਵਿਚ ਲੋੜ ਅਨੁਸਾਰ ਦੁੱਧ ਤੇ ਖੰਡ ਪਾ ਲਓ। ਗਰਮ ਗਰਮ ਛੱਕ ਲਓ। ਇਕ ਵਿਅਕਤੀ ਲਈ ਇਹ ਦੇਸੀ ਚਾਹ ਤਿਆਰ ਹੈ।

ਗੁਣ:–ਇਹ ਚਾਹ ਪੀਣ ਵਿਚ ਜਿਥੇ ਬਹੁਤ ਸਵਾਦਿਸ਼ਟ ਹੈ, ਉਥੇ ਗੁਣਕਾਰੀ ਵੀ ਹੈ। ਇਹ ਚਾਹ ਖਾਂਸੀ, ਸਿਰ ਦਰਦ, ਕਫ਼, ਕਮਰ-ਦਰਦ, ਛਾਤੀ ਦੀ ਦਰਦ, ਪਸਲੀਆਂ ਦੀ ਦਰਦ ਹਟਾਉਂਦੀ ਅਤੇ ਹੋਰ ਅਨੇਕਾਂ ਫ਼ਾਇਦੇ ਪਹੁੰਚਾਂਦੀ ਹੈ। ਇਹ ਚਾਹ ਭੀ ਦੂਜੀ ਚਾਹ ਦੀ ਤਰ੍ਹਾਂ ਪਸੀਨਾ ਲਿਆ ਦਿੰਦੀ ਹੈ ਅਤੇ ਸਰੀਰ ਦਾ ਗੰਦਾ ਮਾਦਾ


www.AKJ.Org

ਰੋਮਾਂ ਰਾਹੀਂ ਬਾਹਰ ਕੱਢ ਦਿੰਦੀ ਹੈ। ਬੁਖ਼ਾਰ ਵਿਚ ਇਹ ਚਾਹ ਪੀਣ ਨਾਲ ਸਰੀਰ ਦੇ ਰੋਮ ਖੁਲ੍ਹ ਜਾਂਦੇ ਹਨ ਅਤੇ ਬੁਖ਼ਾਰ ਉਤਰ ਜਾਂਦਾ ਹੈ।

(ਅ) ਨਿੰਬੂ ਸ਼ਹਿਦ ਦੀ ਚਾਹ:-

ਨੁਸਖਾ:-ਖਰਾ ਸ਼ਹਿਦ ਇਕ ਚਮਚਾ, ਪਾਣੀ ਇਕ ਪਾ, ਇਕ ਨਿੰਬੂ ਚੰਗੇ ਰਸ ਵਾਲਾ।

ਵਿਧੀ:-ਇਕ ਪਾ ਜਾਂ ਦਰਮਿਆਨਾ ਇਕ ਗਿਲਾਸ ਪਾਣੀ ਦਾ ਖ਼ੂਬ ਗਰਮ ਕਰ ਲਓ। ਜਦ ਪਾਣੀ ਉਬਲਣ ਲਗ ਜਾਏ, ਇਸ ਵਿਚ ਇਕ ਚਮਚਾ ਤਾਜ਼ੇ ਅਤੇ ਖਰੇ ਸ਼ਹਿਦ ਦਾ ਪਾ ਦਿਓ। ਜਦ ਸ਼ਹਿਦ ਘੁਲ ਮਿਲ ਜਾਵੇ ਤਾਂ ਅੱਗ ਤੋਂ ਹੇਠਾਂ ਲਾਹ ਕੇ ਕਿਸੇ ਬਰਤਨ ਵਿਚ ਪਾ ਲਓ। ਇਸ ਵਿਚ ਇਕ ਨਿੰਬੂ ਨਿਚੋੜ ਕੇ ਚਾਹ ਦੀ ਤਰ੍ਹਾਂ ਹੀ ਗਰਮ ਗਰਮ ਪੀ ਲਓ। ਇਹ ਵੀ ਪੀਣ ਵਿਚ ਬਹੁਤ ਸੁਆਦੀ ਅਤੇ ਗੁਣਕਾਰੀ ਹੈ। ਇਕ ਗੱਲ ਯਾਦ ਰਖਣ ਵਾਲੀ ਹੈ ਕਿ ਨਿੰਬੂ ਨਿਚੋੜਨ ਤੋਂ ਪਿਛੋਂ ਫ਼ੌਰਨ ਹੀ ਪੀ ਲੈਣੀ ਚਾਹੀਦੀ ਹੈ।

ਗੁਣ:-ਇਹ ਚਾਹ ਦਿਨ ਵਿਚ ਦੋ ਤਿੰਨ ਵਾਰ ਪੀਣ ਨਾਲ ਜ਼ੁਕਾਮ, ਬੁਖ਼ਾਰ, ਨਜ਼ਲਾ, ਗਲੇ ਦੀ ਬਲਗ਼ਮ ਠੀਕ ਕਰਦੀ ਹੈ ਅਤੇ ਹੋਰ ਕਈ ਤਰ੍ਹਾਂ ਨਾਲ ਫ਼ਾਇਦਾ ਪਹੁੰਚਾਂਦੀ ਹੈ। ਇਸ ਚਾਹ ਨਾਲ ਪਸੀਨਾ ਭੀ ਆ ਜਾਂਦਾ ਹੈ ਅਤੇ ਸਰੀਰ ਦੇ ਰੋਮ ਖੁਲ੍ਹ ਜਾਣ ਨਾਲ ਅੰਦਰ ਦੀ ਗੰਦਗੀ ਬਾਹਰ ਨਿਕਲ ਜਾਂਦੀ ਹੈ ਅਤੇ ਬੁਖ਼ਾਰ, ਸਰਦੀ, ਠੰਢ ਆਦਿ ਨੂੰ ਬਹੁਤ ਛੇਤੀ ਅਰਾਮ ਆ ਜਾਂਦਾ ਹੈ।

ਵਿਸ਼ੇਸ਼ ਗੁਣ:-ਆਮ ਕਰਕੇ ਡਾਕਟਰ ਲੋਗ ਬੁਖ਼ਾਰ, ਜ਼ੁਕਾਮ, ਨਜ਼ਲਾ ਆਦਿ ਰੋਕਣ ਲਈ ਕਈ ਤਰ੍ਹਾਂ ਦੀਆਂ ਅੰਗਰੇਜ਼ੀ ਟੇਬਲੇਟਸ (ਗੋਲੀਆਂ) ਦਿੰਦੇ ਹਨ। ਜਿਨ੍ਹਾਂ ਨਾਲ ਸਰੀਰ ਦਾ ਗੰਦਾ ਮਾਦਾ, ਜੋ ਬਾਹਰ ਨਿਕਲ ਰਿਹਾ ਹੁੰਦਾ ਹੈ, ਉਹ ਨਿਕਲਣਾ ਬੰਦ ਹੋ ਜਾਂਦਾ ਹੈ ਅਤੇ ਸਰੀਰ ਦੇ ਅੰਦਰ ਹੀ ਜਜ਼ਬ ਹੋ ਜਾਂਦਾ ਹੈ ਅਤੇ ਆਰਜ਼ੀ ਤੌਰ ਤੇ ਮਰਜ਼ ਦੱਬ ਜਾਂਦੀ ਹੈ। ਮਰਜ਼ ਜੜ੍ਹ ਤੋਂ ਨਹੀਂ ਜਾਂਦੀ। ਨਿੰਬੂ ਸ਼ਹਿਦ ਦੀ ਚਾਹ ਗੰਦੇ ਮਾਦੇ ਨੂੰ ਸਰੀਰ ਵਿਚੋਂ ਬਾਹਰ ਕਢਦੀ ਹੈ ਅਤੇ ਸਥਾਈ ਤੌਰ ਤੇ ਅਰਾਮ ਪਹੁੰਚਾਂਦੀ ਹੈ।

## ਸਾਰ ਸਿੱਟਾ:-

ਪਿਛਲੇ ਲੇਖ ਅਤੇ ਇਸ ਲੇਖ ਦੀ ਵਿਚਾਰ-ਧਾਰਾ, ਦਲੀਲਾਂ ਅਤੇ ਡਾਕਟਰਾਂ ਦੀਆਂ ਖੋਜਾਂ ਤੋਂ ਇਹ ਨਤੀਜਾ ਨਿਕਲਿਆ ਕਿ ਚਾਹ ਕਾਫ਼ੀ ਆਦਿ ਵਿਚ ਆਕਜ਼ੈਲਿਕ ਐਸਿਡ (ਇਕ ਤਰ੍ਹਾਂ ਦਾ ਪਸੀਨੇ ਦੇ ਰੂਪ ਵਿਚ ਨਿਕਲਿਆ ਗੰਦਾ ਮਾਦਾ), ਯੂਰਿਕ ਐਸਿਡ (ਇਕ ਤਰ੍ਹਾਂ ਦਾ ਪਿਸ਼ਾਬ ਦੇ ਰੂਪ ਵਿਚ ਨਿਕਲਿਆ ਗੰਦਾ ਮਾਦਾ), ਕੈਫ਼ੀਨ, ਟੈਨਿਨ (ਚਮੜੇ ਨੂੰ ਰੰਗਣ ਅਤੇ ਸਖ਼ਤ ਕਰਨ ਵਾਲਾ ਕੈਮੀਕਲ) ਅਤੇ ਨਿਕੋਟੀਨ (ਇਕ ਪ੍ਰਕਾਰ ਦਾ ਜ਼ਹਿਰ, ਜੋ ਤੰਬਾਕੂ ਵਿਚ ਬਹੁਤਾਤ ਨਾਲ ਮੌਜੂਦ ਹੈ) ਵਰਗੇ ਜ਼ਹਿਰੀਲੇ ਅਤੇ ਨੁਕਸਾਨ-ਦਾਇਕ ਅਨੇਕਾਂ ਕੈਮੀਕਲ ਹੁੰਦੇ ਹਨ। ਇਹ ਨੁਕਸਾਨ ਹੀ ਨੁਕਸਾਨ ਪਹੁੰਚਾਂਦੇ ਹਨ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੀ ਉਤਪੰਨ ਕਰਨ ਦਾ ਕਾਰਨ ਬਣਦੇ ਹਨ। ਪਰ ਦੂਜੇ ਪਾਸੇ ਦੇਸੀ ਚਾਹ ਬਨਫ਼ਸ਼ਾ ਆਦਿਕ ਦੀ ਚਾਹ, ਨਿੰਬੂ ਸ਼ਹਿਦ ਦੀ ਚਾਹ ਆਦਿ ਜ਼ੁਕਾਮ, ਨਜ਼ਲਾ, ਬੁਖ਼ਾਰ, ਸਿਰ ਦਰਦ, ਬਲਗ਼ਮ ਅਤੇ ਅਨੇਕ ਤਰ੍ਹਾਂ ਦੀਆਂ ਦਰਦਾਂ ਨੂੰ ਅਰਾਮ ਪਹੁੰਚਾਣ ਵਿਚ ਸਹਾਇਤਾ ਕਰਦੀਆਂ ਹਨ। ਇਸ ਲਈ ਸਾਨੂੰ ਕਾਫ਼ੀ ਤੇ ਚਾਹ ਛਡ ਹੀ ਦੇਣੀ ਚਾਹੀਦੀ ਹੈ ਤੇ ਲੋੜ ਮੁਤਾਬਕ ਦੇਸੀ ਚਾਹਾਂ ਹੀ ਵਰਤਣੀਆਂ ਚਾਹੀਦੀਆਂ ਹਨ, ਪਰ ਇਹਨਾਂ ਦਾ ਵੀ ਅਮਲੀ ਹੋਣਾ ਉਚਿਤ ਨਹੀਂ ਹੈ।

---

**ਬੇਨਤੀਆਂ—** ੧. ਸੂਰਾ ਮਾਸਕ ਪੱਤਰ ਦੇ ਚੰਦੇ ਭੇਜਣ ਲਗਿਆਂ ਮਨੀ-ਆਰਡਰ ਫ਼ਾਰਮਾਂ ਦੇ ਹੇਠਲੇ ਕੂਪਨ ਤੇ ਆਪਣਾ ਚਿਟ ਨੰਬਰ ਤੇ ਸਿਰਨਾਵਾਂ ਜ਼ਰੂਰ ਲਿਖੋ। ਇਹ ਨਾ ਲਿਖਣ ਕਰਕੇ ਸਾਨੂੰ ਬਹੁਤ ਔਖ ਹੁੰਦੀ ਹੈ।

੨. ਜਦੋਂ ਆਪਣਾ ਐਡਰੇਸ ਤਬਦੀਲ ਕਰੋ, ਨਵੇਂ ਐਡਰੈਸ ਦੇ ਨਾਲ ਪਹਿਲਾ ਐਡਰੈਸ ਤੇ ਚਿਟ ਨੰਬਰ ਵੀ ਲਿਖੋ।

੩. ਹਰ ਤਰ੍ਹਾਂ ਦੀ ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਲਿਖੋ ਜੀ।



www.AKJ.Org

# ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ?

[ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਭਾਈ ਸਾਹਿਬ ਲਿਖਤ ਜੇਲ੍ਹ-ਚਿੱਠੀਆਂ ਵਿਚੋਂ ਇਹ ਵਾਰਤਾ ਹੈ। ਨਾਗਪੁਰ ਜੇਲ੍ਹ ਦੇ ਸੁਪ੍ਰੰਟੈਂਡੰਟ ਮਿਸਟਰ ਗੁਪਤਾ ਦੇ ਨਾਲ ਹੋਈ ਪ੍ਰਸ਼ਨੋਤਰੀ ਹੇਠਾਂ ਦਿਤੀ ਜਾਂਦੀ ਹੈ।

ਸੁਪ੍ਰੰ:—ਕੀ ਕੇਸਾਂ ਦਾ ਸਿਰ ਤੇ ਰਖਣਾ ਜ਼ਰੂਰੀ ਹੈ ?

ਮੈਂ — ਕੀ ਸਿਰ ਦਾ ਸਰੀਰ ਉਤੇ ਰੱਖਣਾ ਜ਼ਰੂਰੀ ਹੈ ?

ਸੁਪ੍ਰੰ:—ਸਰੀਰ ਤਾਂ ਸਿਰ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ।

ਮੈਂ — ਜੇ ਜੀਉਂਦਾ ਰਹਿ ਸਕੇ ਅਰਥਾਤ ਜੇ ਸਰੀਰ ਬਿਨਾਂ ਸਿਰ ਦੇ ਜੀਉਂਦਾ ਰਹਿ ਸਕੇ ਤਾਂ ਕੀ ਤੁਸੀਂ ਸਿਰ ਨੂੰ ਸਰੀਰ ਤੋਂ ਲਾਹ ਛਡੋ ? ਅਰਥਾਤ ਸੀਸ ਨੂੰ ਸ੍ਰੀਰ ਤੇ ਨਾ ਰੱਖੋ।

ਸੁਪ੍ਰੰ:—ਸੀਸ ਤਾਂ ਸਰੀਰ ਦਾ ਹਿੱਸਾ ਹੈ ਅਤੇ ਸਭ ਤੋਂ ਸਰੇਸ਼ਟ ਹਿੱਸਾ ਹੈ, ਸੀਸ ਨਾਲ ਮਿਲ ਕੇ ਹੀ ਸਾਰਾ ਸ੍ਰੀਰ ਬਣਦਾ ਹੈ। ਸੀਸ ਨਾ ਹੋਵੇ ਤਾਂ ਸ੍ਰੀਰ ਰਹਿੰਦਾ ਹੀ ਨਹੀਂ।

ਮੈਂ — ਕੀ ਇਸ ਸੀਸ ਨੂੰ ਸ੍ਰੀਰ ਉਤੇ ਤੁਸੀਂ ਆਪ ਰਖਿਆ ਹੋਇਆ ਹੈ ?

ਸੁਪ੍ਰੰ:—ਨਹੀਂ, ਈਸ਼ਵਰ ਨੇ ਰੱਖਿਆ ਹੈ।

ਮੈਂ — ਈਸ਼ਵਰ ਨੇ ਇਸ ਸੀਸ ਨੂੰ ਤੁਹਾਡੇ ਸ੍ਰੀਰ ਤੇ ਰੱਖਿਆ ਹੋਇਆ ਹੈ, ਜੇ ਤੁਹਾਡਾ ਰੱਖਿਆ ਹੋਇਆ ਹੋਵੇ ਤਾਂ ਸ਼ਾਇਦ ਤੁਸੀਂ ਇਸ ਨੂੰ ਲਾਹ ਭੀ ਸੁਟੋ ਅਤੇ ਇਸ ਭਾਰ ਨੂੰ ਭੀ ਨਾ ਹੀ ਰੱਖੋ।

ਸੁਪ੍ਰੰ:—ਹਾਂ ਜੀ ! ਈਸ਼ਵਰ ਦੀ ਰੱਖੀ ਹੋਈ ਚੀਜ਼ ਨੂੰ ਅਸੀਂ ਕਿਵੇਂ ਲਾਹ ਸਕਦੇ ਹਾਂ ?

ਮੈਂ — ਜੇ ਭਲਾ ਤੁਹਾਡਾ ਜਾਂ ਕਿਸੇ ਦਾ ਇਹ ਈਸ਼ਵਰੀ ਰੱਖਿਆ ਸੀਸ ਸ੍ਰੀਰ ਤੋਂ ਕੋਈ ਲਾਹ ਦੇਵੇ ਤਾਂ ਤੁਸੀਂ ਉਸ ਨੂੰ ਕੀ ਆਖੋ ?

ਸੁਪ੍ਰੰ:—ਜ਼ਾਲਮ, ਅਤਿਆਚਾਰੀ, ਕਾਤਲ, ਖ਼ੂਨੀ।

ਮੈਂ — ਜੇ ਕੋਈ ਹੋਰ ਤੁਸਾਂ ਨੂੰ ਇਹ ਸਵਾਲ ਕਰੇ ਕਿ ਤੁਸੀਂ ਸੀਸ ਨੂੰ ਕਿਉਂ ਰੱਖਿਆ ਹੈ ?

ਸੁਪ੍ਰੰ:—ਏਹ ਉਸ ਸਵਾਲ ਕਰਨ-ਹਾਰੇ ਦੀ ਬੇਵਕੂਫ਼ੀ ਹੋਵੇਗੀ।

ਮੈਂ — ਜਿਸ ਤਰ੍ਹਾਂ ਸਾਡਾ ਸੀਸ ਈਸ਼ਵਰ ਨੇ ਸ੍ਰੀਰ ਪਰ ਆਪ ਰੱਖਿਆ ਹੋਇਆ ਹੈ, ਉਸੇ ਤਰ੍ਹਾਂ ਸਾਡੇ ਤੁਸਾਡੇ ਸੀਸ ਉਪਰ ਕੇਸ ਸਾਡੇ ਜਾਂ ਤੁਸਾਡੇ ਆਪ ਰੱਖੇ (ਪੈਦਾ ਕੀਤੇ) ਹੋਏ ਨਹੀਂ। ਏਹ ਭੀ ਈਸ਼ਵਰ ਦੇ ਹੀ ਰੱਖੇ ਹੋਏ ਹਨ, ਤਾਂ ਤੇ ਆਪ ਦਾ ਦਾਸ ਨੂੰ ਏਹ ਸਵਾਲ ਕਰਨਾ ਕਿ ਕੀ ਕੇਸਾਂ ਦਾ ਸਿਰ ਤੇ ਰੱਖਣਾ ਜ਼ਰੂਰੀ ਹੈ ? ਬਣਦਾ ਹੀ ਨਹੀਂ। ਕਿਉਂਕਿ ਮੈਂ ਤਾਂ ਇਹ ਆਪ ਰੱਖੇ ਹੀ ਨਹੀਂ ਹੋਏ। ਈਸ਼ਵਰ(ਅਕਾਲ ਪੁਰਖ) ਦੇ ਪੈਦਾ ਕੀਤੇ ਹੋਏ ਅਤੇ ਰੱਖੇ ਹੋਏ ਹਨ, ਜਿਸ ਪ੍ਰਕਾਰ ਸ੍ਰੀਰ ਉਤੇ ਸੀਸ ਈਸ੍ਵਰ ਦਾ ਰੱਖਿਆ ਹੋਇਆ ਹੈ, ਏਸ ਪ੍ਰਕਾਰ ਸੀਸ ਉਤੇ ਕੇਸ ਵੀ ਉਸੇ ਈਸ਼ਵਰ ਦੇ ਰੱਖੇ ਹੋਏ ਹਨ। ਈਸ਼ਵਰ ਦੇ ਰੱਖੇ ਹੋਏ ਸੀਸ ਦੀ ਰੱਖਿਆ ਪਾਲਨਾ ਕਰਨੀ ਜਿਸ ਪ੍ਰਕਾਰ ਸਾਡਾ ਮੁਖ ਫ਼ਰਜ਼ ਹੈ, ਏਸ ਪ੍ਰਕਾਰ ਈਸ਼ਵਰ ਦੇ ਰੱਖੇ ਹੋਏ ਕੇਸਾਂ ਦੀ ਰੱਖਿਆ ਪਾਲਨਾ ਕਰਨੀ ਭੀ ਕੁਦਰਤਨ ਸਾਡਾ ਹਰੇਕ ਪ੍ਰਾਣੀ ਦਾ ਪਰਮ ਧਰਮ ਹੈ। ਸੀਸ ਨੂੰ ਸ੍ਰੀਰ ਤੇ ਨਾ ਰੱਖਣ ਵਾਲੇ ਨੂੰ ਅਰਥਾਤ ਈਸ਼ਵਰ ਦੀ ਦਾਤ ਸੀਸ ਨੂੰ ਸ੍ਰੀਰ ਤੋਂ ਲਾਹ ਦੇਣ ਵਾਲੇ ਨੂੰ ਤੁਸੀਂ ਜ਼ਾਲਮ, ਅਤਿਆ-ਚਾਰੀ ਕਾਤਲ ਅਤੇ ਖ਼ੂਨੀ ਦਸਦੇ ਹੋ, ਕੀ ਸੀਸ ਦੇ ਉਪਰ ਈਸ਼ਵਰ ਦੀ ਦਿਤੀ ਅਤੇ ਰੱਖੀ ਹੋਈ ਦਾਤ ਨੂੰ ਲਾਹ ਦੇਣ ਵਾਲੇ, ਕਤਲ ਕਰ ਦੇਣ ਵਾਲੇ, ਕਟ ਦੇਣ ਵਾਲੇ ਯਾ ਘਰੜ ਮੁਨਾ ਦੇਣ ਵਾਲੇ ਭੀ ਜ਼ਾਲਮ ਅਤਿਆਚਾਰੀ ਅਤੇ ਕਾਤਲ ਨਹੀਂ ? ਈਸ਼ਵਰ ਦੀ ਦਿਤੀ ਹੋਈ ਅਮਾਨਤ ਭੰਨਣ ਤੋੜਨ ਅਤੇ ਬਿਨਾਸਨ-ਹਾਰੇ; ਬੇ-ਈਮਾਨ, ਜਾਬਰ ਅਤੇ ਕਾਤਲ ਨਹੀਂ ? ਮੇਰੇ ਖ਼ਿਆਲ ਵਿਚ ਤਾਂ ਖ਼ੂਨੀ ਹੀ ਹਨ !

ਸੁਪ੍ਰੰ: — ਨਹੀਂ, ਖ਼ੂਨੀ ਤਾਂ ਨਹੀਂ ਕਹਿ ਸਕਦੇ, ਹੋਰ ਭਾਵੇਂ



www.AKJ.Org

ਕੁਛ ਕਹਿ ਲਵੋ।

ਮੈਂ—ਕਿਉਂ ? ਖ਼ੂਨੀ ਕਿਉਂ ਨਹੀਂ ਕਹਿ ਸਕਦੇ ?

ਸੁਪ੍ਰਿ:—ਕੇਸਾਂ ਦੇ ਕਟਾਇਆਂ ਖ਼ੂਨ ਤਾਂ ਨਹੀਂ ਨਿਕਲਦਾ।

ਮੈਂ—ਤਾਂ ਤੁਹਾਡੇ ਖ਼ਿਆਲ ਵਿਚ ਜੇ ਖ਼ੂਨ ਨਿਕਲੇ ਤਾਂ ਹੀ ਖ਼ੂਨ ਕੀਤਾ ਪ੍ਰਵਾਨ ਹੈ। ਭਲਾ ਜੇ ਕੋਈ ਕਿਸੇ ਨੂੰ ਗਲ ਘੁਟ ਕੇ ਮਾਰ ਦੇਵੇ ਤਾਂ ਕੀ ਉਹ ਖ਼ੂਨੀ ਨਹੀਂ ? ਤੁਹਾਡੇ ਪਹਿਲੇ ਕਹੇ ਅਨੁਸਾਰ ਤਾਂ ਉਹ ਖ਼ੂਨੀ ਨਹੀਂ ਕਹਾਵੇਗਾ। ਕਿਉਂਕਿ ਗਲ ਘੁਟ ਕੇ ਮਾਰਨ ਨਾਲ ਖ਼ੂਨ ਭੀ ਨਹੀਂ ਨਿਕਲਦਾ ਤੇ ਮੌਤ ਭੀ ਹੋ ਜਾਂਦੀ ਹੈ। ਲਫ਼ਜ਼ੀ ਬਹਿਸ ਵਿਚ ਪੈਣਾ ਫ਼ਜ਼ੂਲ ਹੈ, ਪਰ ਇਹ ਗੱਲ ਤੁਸੀਂ ਸਾਫ਼ ਮੰਨੋਗੇ ਕਿ ਅਜ ਕਲ ਦੇ ਮਾਰਨ ਦੇ ਨਵੀਨ ਤ੍ਰੀਕੇ ਅਤੇ ਪਿਛਲੇ ਕਈ ਤ੍ਰੀਕੇ ਐਸੇ ਸਨ ਕਿ ਪ੍ਰਾਣੀ ਦੇ ਪ੍ਰਾਣ ਹਤ ਕਰਦਿਆਂ ਖ਼ੂਨ ਦਾ ਇਨ ਤੁਬਕਾ ਭੀ ਨਹੀਂ ਡੁਲ੍ਹਦਾ। ਜੇ ਖ਼ੂਨੀ ਐਸੇ ਤ੍ਰੀਕੇ ਨਾਲ ਪ੍ਰਾਣ ਹਤ ਕਰਨ ਤਾਂ ਕੀ ਅਜਿਹੇ ਖ਼ੂਨੀ ਕਾਤਲ ਨਹੀਂ ? ਜਾਬਰ ਨਹੀਂ ? ਅਤਿਆਚਾਰੀ, ਜ਼ਾਲਮ ਨਹੀਂ ਤਾਂ ਤੁਸੀਂ ਹੋਰ ਕੀ ਆਖੋਗੇ ?

ਸੁਪ੍ਰਿ:—ਪਰ ਜੀ ! ਮੁਆਫ਼ ਕਰਨਾ, ਕਟਿਆ ਹੋਇਆ ਸੀਸ ਤਾਂ ਮੁੜ ਕੇ ਫੇਰ ਨਹੀਂ ਜੁੜਦਾ, ਨਾ ਹੀ ਸੁਰਜੀਤ ਹੁੰਦਾ ਹੈ, ਮਾਰਿਆ ਹੋਇਆ ਫੇਰ ਜੀਉਂਦਾ ਨਹੀਂ। ਕਟੇ ਹੋਏ ਕੇਸ ਤਾਂ ਫੇਰ ਹਰੇ ਹੋ ਜਾਂਦੇ ਹਨ, ਏਸ ਕਰ ਕੇ ਸੀਸ ਕਟਣ ਅਤੇ ਕੇਸ਼ ਕਟਣ ਵਿਚ ਬਹੁਤ ਫ਼ਰਕ ਹੈ, ਜੈਸਾ ਕਿ ਕੇਸ ਕਟਣ ਅਤੇ ਸੀਸ ਕਟਣ ਦੇ ਜੁਰਮ ਵਿਚ ਵੀ ਬੜਾ ਫ਼ਰਕ ਹੈ।

ਮੈਂ—ਕੀ ਤੁਸੀਂ ਆਵਾਗਵਨ ਦੇ ਮਸਲੇ ਨੂੰ ਮੰਨਦੇ ਹੋ ?

ਸੁਪ੍ਰਿ:—ਹਾਂ, ਮੈਂ ਮੰਨਦਾ ਹਾਂ।

ਮੈਂ — ਤੁਹਾਡਾ ਸੀਸ ਦੇ ਕਟਿਆਂ ਮਰਦਾ ਕੁਝ ਨਹੀਂ। ਆਤਮਾ ਤਾਂ ਮੁੜ ਮੁੜ ਫੇਰ ਜਨਮ ਲੈ ਲੈਂਦਾ ਹੈ। ਤਾਂ ਤੇ ਜਿਹੜੇ ਜਾਨਾਂ ਨੂੰ ਮਾਰਦੇ ਹਨ ਉਹ ਮਾਰਦੇ ਕੁਛ ਨਹੀਂ, ਕੇਵਲ ਜੀਵਾਂ ਦੀ ਚੁਰਾਸੀ ਕਟਦੇ ਹਨ, ਆਵਾਗਵਨ ਦੇ ਸਿਲਸਿਲੇ ਨੂੰ ਛੇਤੀ ਹੀ ਮੁਕਾਉਂਦੇ ਹਨ ਤੇ ਉਪਕਾਰ ਕਰਦੇ ਹਨ, ਪਰ ਮੁਕਦਾ ਫੇਰ ਭੀ ਨਹੀਂ। ਓਹਨਾਂ ਤਾਂ ਮਾਰਿਆਂ ਨਹੀਂ ਮਰਨਾ, ਫੇਰ ਫੇਰ ਜੂਨ ਸ਼ਗੂਫ਼ੇ ਉਗਵਦੇ ਹਨ। ਜੀਵ ਨੂੰ ਮਾਰਨ-ਹਾਰੇ ਦਾ ਯਤਨ ਬਿਰਥਾ ਹੈ, ਉਪਕਾਰ ਕੋਈ ਨਹੀਂ, ਨਾ ਹੀ ਕੋਈ ਗੁਣ ਹੈ। ਏਸ ਤਰ੍ਹਾਂ ਮੁੜ ਮੁੜ ਕੇ ਕੇਸ ਕਟਣ-ਹਾਰਿਆਂ ਦਾ ਗੁਣ ਉਪਕਾਰ ਕੁਛ ਨਹੀਂ, ਕਟੇ ਹੋਏ ਕੇਸ ਮੁੜ ਮੁੜ ਕੇ ਫੇਰ ਉਗਵਦੇ ਹਨ, ਜਿਵੇਂ ਪ੍ਰਾਨ ਹਤ ਕੀਤਾ ਹੋਇਆ ਪ੍ਰਾਣੀ ਮੁੜ ਮੁੜ ਕੇ ਫੇਰ ਜਨਮ ਲੈਂਦਾ ਹੈ। ਹਾਂ ਏਤਨਾ ਫ਼ਰਕ ਜ਼ਰੂਰ ਹੈ ਕਿ ਜੀਵ ਆਤਮਾ ਕਦੇ ਕਿਸੇ ਜੂਨ ਵਿਚ, ਕਦੇ ਕਿਸੇ ਜੂਨ ਵਿਚ ਮੁੜ ਮੁੜ ਜਨਮ ਲੈਂਦਾ ਹੈ, ਪਰ ਜੀਵ ਹਤਿਆ ਕਰਨ ਵਾਲੇ ਨੂੰ ਦਿਸਦਾ ਨਹੀਂ। ਕਟੇ ਹੋਏ ਕੇਸ ਮੁੜ ਮੁੜ ਕੇ ਉਵੇਂ ਹੀ ਸੀਸ ਉਤੇ ਉਗਵਦੇ ਹਨ ਅਤੇ ਉਗਵਦੇ ਹੀ ਰਹਿੰਦੇ ਹਨ। ਕਟਣ ਕਟਾਉਣ-ਹਾਰਾ ਮੂਰਖ ਹੋ ਕੇ ਕੇਸਾਂ ਨੂੰ ਕਟਦਾ ਹੈ ਅਤੇ ਨਿਤ ਨਵੇਂ ਦਿਨ ਉਸ ਨੂੰ ਮੂੰਹ ਉਤੇ ਚਪੇੜ ਲਗਦੀ ਹੈ। ਕਟੇ ਹੋਏ ਕੇਸ ਫੇਰ ਉਗਵ ਖਲੋਂਦੇ ਹਨ। ਦੋਹਾਂ ਦਾ ਯਤਨ ਬਿਰਥਾ ਅਤੇ ਨਿਰੀ ਮੂਰਖਤਾ ਵਾਲਾ ਸਿਧ ਹੁੰਦਾ ਹੈ। ਜਿਸ ਪ੍ਰਕਾਰ ਜੀਵ ਆਤਮਾ ਦੀ ਜੀਵਨ-ਕਲਾ-ਅੰਸ ਪ੍ਰਮਾਤਮਾ ਦੀ ਜਗਜੀਵਨ-ਸ਼ਕਤ-ਕਲਾ ਅੰਦਰ ਮਉਜੂਦ ਹੈ ਏਸੇ ਪ੍ਰਕਾਰ ਕੇਸਾਂ ਦੀ ਜੀਵਨ-ਕਲਾ-ਅੰਸ ਜੀਉਂਦੀ ਜਾਗਦੀ ਸੀਸ ਅਤੇ ਸਰੀਰ ਅੰਦਰ ਉਦੋਂ ਤਾਂਈ ਮਉਜੂਦ ਰਹਿੰਦੀ ਹੈ ਜਦ ਤਾਂਈ ਕਿ ਸਰੀਰ ਅਤੇ ਸੀਸ ਦਾ ਨਾਸ ਨਹੀਂ ਹੁੰਦਾ। ਸੀਸ ਅਤੇ ਸਰੀਰ ਉਤੇ ਰੋਮ ਰੋਮ ਦਾ ਉਸੇ ਕੁਦਰਤੀ ਹਾਲਤ ਵਿਚ ਕਾਇਮ ਰਹਿਣਾ ਪਰਮ ਜ਼ਰੂਰੀ ਹੈ, ਜਿਸ ਵਿਚ ਕਿ ਕਾਦਰ ਈਸ਼ਵਰ ਨੇ ਰੋਮ ਰੋਮ ਨੂੰ ਕਾਇਮ ਅਤੇ ਸੁਰਜੀਤ ਰਖਿਆ ਹੋਇਆ ਹੈ। ਸਰੀਰ ਦੇ ਹਰੇਕ ਹਿਸੇ ਉਤੇ ਕੁਦਰਤੀ ਉਗਮਾਉ ਅਨੁਸਰ ਉਗਦੇ ਹੋਏ ਰੋਮ ਥਾਉਂ ਥਾਈਂ ਸੁਤੇ ਹੀ ਉਸ ਹਾਲਤ ਵਿਚ ਕਾਇਮ ਖੜੋਤੇ ਰਹਿ ਜਾਂਦੇ ਹਨ, ਜੈਸਾ ਕਿ ਕੁਦਰਤ ਨੇ ਉਨ੍ਹਾਂ ਨੂੰ ਰੱਖਿਆ ਹੈ। ਸੀਸ ਦੇ ਰੋਮ ਕੁਦਰਤੀ ਨਸ਼ਵੋ-ਨੁਮਾ ਅਨੁਸਾਰ ਉਤਨੀ ਹੀ ਲੰਬਾਈ ਅਖ਼ਤਿਆਰ ਕਰਦੇ ਹਨ ਜਿਤਨੀ ਕਿ ਕੁਦਰਤ ਨੂੰ ਮਨਜ਼ੂਰ ਹੈ। ਇਕ ਖ਼ਾਸ ਹੱਦ ਉਤੇ ਆ ਕੇ ਕੇਸ ਆਪ ਹੀ ਵਧਣੋਂ ਬੰਦ ਹੋ ਜਾਂਦੇ



www.AKJ.Org

ਹਨ। ਉਸ ਕੁਦਰਤੀ ਵਧੇ ਵਧਾਉ ਤੋਂ ਬਨਾਵਟੀ ਬਨਾਉ ਸੀਗਾਰ ਦੁਆਰਾ ਆਰਾਸਤਾ ਪੈਰਾਸਤਾ ਕਰ ਕੇ ਕੇਸਾਂ ਨੂੰ ਵਧਾਉਣਾ ਘਟਾਉਣਾ ਵਧਾਉਣ-ਹਾਰੇ ਬੰਦੇ ਦੀ ਮਹਾਂ-ਮੂਰਖਤਾ ਹੈ ਅਤੇ ਕਾਨੂੰਨੇ-ਕੁਦਰਤ ਤੋਂ ਉਲਟ ਚਲਣ ਵਾਲੀ ਗੱਲ ਹੈ। ਇਸਤਰੀਆਂ ਦੇ ਮੂੰਹ ਉਤੇ ਕੁਦਰਤੀ ਤੌਰ ਤੇ ਕੇਸ਼ ਯਾ ਰੋਮ ਉਗਦੇ ਹੀ ਨਹੀਂ। ਜੇ ਕੋਈ ਉਗਵਾਉਣਾ ਚਾਹੇ ਤਾਂ ਉਸ ਦਾ ਯਤਨ ਬਿਰਥਾ ਹੈ। ਸੋ ਇਸ ਪ੍ਰਕਾਰ ਇਸਤਰੀਆਂ ਦੇ ਮੂੰਹ ਉਤੇ ਕੁਦਰਤੋਂ ਉਲਟ ਕੇਸ ਰੋਮ ਉਗਵਾਉਣਾ ਜਹਾਲਤ ਹੈ, ਏਸੇ ਪ੍ਰਕਾਰ ਇਸਤਰੀ ਮਰਦ ਦੇ ਸੀਸ ਉਤੇ ਕੁਦਰਤੀ ਉਗਵਾਉ ਅਨੁਸਾਰ ਉਗਵੇ ਅਤੇ ਉਗਵ ਖੜੋਤੇ ਕੇਸਾਂ ਨੂੰ ਕਟਾਉਣਾ ਯਾ ਵਧਾਉਣਾ, ਘਟਾਉਣਾ ਭੀ ਜਹਾਲਤ ਹੈ। ਮਰਦ ਦੇ ਮੁਖ ਚੇਹਰਿਆਂ ਉਤੇ ਕਾਦਰ ਦੀ ਕੁਦਰਤ ਨੇ ਦਾੜ੍ਹੀਆਂ ਦਿਤੀਆਂ, ਉਗਾਈਆਂ, ਪਰ ਸੰਸਾਰ ਦੇ ਫ਼ੈਸ਼ਨ-ਪ੍ਰਸਤ ਆਦਮੀ ਨਿਤ ਨਵੇਂ ਸੂਰਜ ਦਾੜ੍ਹਾ ਮੁਨਵਾ ਮੁਨਵਾ ਕੇ ਤੀਵੀਆਂ ਬਣਨਾ ਚਾਹੁੰਦੇ ਹਨ, ਪਰ ਕੁਦਰਤ ਉਨ੍ਹਾਂ ਨੂੰ ਬਣਨ ਨਹੀਂ ਦਿੰਦੀ। ਉਹ ਦਾੜ੍ਹੀਆਂ ਨੂੰ ਚੱਟਮ ਕਰਾਉਂਦੇ ਹਨ, ਪਰ ਕੁਦਰਤ ਉਨ੍ਹਾਂ ਦੇ ਮੂੰਹ ਤੇ ਚਪੇੜ ਮਾਰਦੀ ਹੈ, ਦੂਹਰੀਆਂ ਚਪੇੜਾਂ ਨਿਤ ਸਹਿੰਦੇ ਹਨ। ਇਕ ਤਾਂ ਉਸਤਰੇ ਦਾ ਪਊਲਾ ਅਤੇ ਦੂਜੇ ਕੁਦਰਤ ਦਾ ਚਪੜਾਊਲਾ (ਚਪੇੜ) ਜ਼ੋਰ ਜ਼ੋਰ ਨਿਤਾ ਪ੍ਰਤਿ ਉਨ੍ਹਾਂ ਦੇ ਮੂੰਹ ਉਤੇ ਪੈਂਦਿਆਂ ਭੀ ਉਨ੍ਹਾਂ ਨੂੰ ਸੋਝੀ ਨਹੀਂ ਆਉਂਦੀ। ਜਿਥੇ ਕਾਨੂੰਨੇ-ਕੁਦਰਤ ਦੀ ਹਮਸਰੀ ਕਰਨ-ਹਾਰਿਆਂ ਮਰਦਾਂ ਨੇ ਦਾੜ੍ਹੀ ਮੂੰਹ ਮੁਛਾਂ ਮੁਨਾ ਕੇ ਤ੍ਰੀਮਤਾਂ (ਤੀਮੀਆਂ) ਨਾ ਬਣ ਸਕਣ ਵਲੋਂ ਮੂੰਹ ਦੀ ਖਾਧੀ ਹੈ, ਉਥੇ ਹੁਣ ਕਾਨੂੰਨੇ-ਕੁਦਰਤ ਤੋਂ ਖੁਦਸਰੀ ਅਤੇ ਸਰਕਸ਼ੀ ਕਰਨ-ਹਾਰੀਆਂ ਤ੍ਰੀਮਤਾਂ ਨੇ ਮਰਦਾਂ ਦੀ ਰੀਸੋ ਰੀਸੀ ਸਿਰ ਮੁੰਨੀਆਂ ਬਣ ਕੇ ਪਰਲੇ ਦਰਜੇ ਦੀ ਸ਼ਰਮਿੰਦਗੀ ਅਤੇ ਨਿਰਲੱਜਤਾ ਸਹੇੜੀ ਹੈ, ਪਰ ਖੱਟਿਆ ਦੋਹਾਂ ਨੇ ਕੱਖ ਨਹੀਂ। ਸਵਾਲ ਤਾਂ ਸਗੋਂ ਇਹ ਹੋਣਾ ਚਾਹੀਦਾ ਸੀ ਕਿ ਈਸ਼ਵਰ ਦੀ ਦਾਤ ਅਮਾਨਤ ਕੇਸਾਂ ਨੂੰ ਕਿਉਂ ਕਟਵਾਇਆ ਜਾਂਦਾ ਹੈ ਅਤੇ ਕਿਉਂ ਨਹੀਂ ਸੀਸ ਤੇ ਯਾ ਕੁਦਰਤੀ ਹਾਲਤ ਵਿਚ ਕਾਇਮ ਰਖਿਆ ਜਾਂਦਾ, ਸਗੋਂ ਉਲਟ ਪੁਲਟ ਸਵਾਲ ਕਾਨੂੰਨੇ-ਕੁਦਰਤ ਦੀ ਮੁਖ਼ਾਲਫ਼ਤ ਦੇ ਹੀ ਕੀਤੇ ਜਾਂਦੇ ਹਨ। ਅਸਲ ਗਲ ਇਹ ਹੈ ਕਿ ਕਾਨੂੰਨੇ-ਕੁਦਰਤ ਦੀ ਮੁਖ਼ਾਲਫ਼ਤ ਕਰਨ-ਹਾਰਿਆਂ ਦੀ ਬਹੁਤਾਤ (Majority) ਹੈ। ਬਹੁਤਿਆਂ ਦਾ ਸਿਰ ਮੂੰਹ ਮੁਨਾਉਣਾ ਅਤੇ ਸਦੀਆਂ ਤੋਂ ਮੁਨਾਉਂਦੇ ਆਉਣ ਦੀ ਭੇਡ-ਚਾਲ ਨੇ ਇਸ ਭੇਡ-ਚਾਲ ਨੂੰ ਹੀ ਕੁਦਰਤੀ ਕਾਨੂੰਨ ਗਰਦਾਨ ਛਡਿਆ ਹੈ ਅਤੇ ਅਸਲ ਕੁਦਰਤੀ ਕਾਨੂੰਨ ਅਨੁਸਾਰਤਾ ਵਾਲੇ ਵੇਸ ਨੂੰ ਗ਼ੈਰ-ਕੁਦਰਤੀ ਜਾਣ ਲਿਆ। ਵਜ੍ਹਾ ਇਹ ਹੈ ਕਿ ਕਾਦਰ ਦੇ ਕੁਦਰਤੀ ਕਾਨੂੰਨ ਅਨੁਸਾਰ ਚਲਣ-ਹਾਰੇ ਬਹੁਤ ਵਿਰਲੇ ਤੇ ਥੋੜੇ ਹਨ। ਸਿਖ ਕੌਮ ਤੋਂ ਛੁਟ ਸਰਬ ਮਹਾਨ ਕੌਮਾਂ ਦੇ ਲੱਖਾਂ ਕਰੋੜਾਂ ਮਨੁੱਖਾਂ ਵਿਚੋਂ ਕੋਈ ਇਕ ਅੱਧ ਜੇ ਕਿਸੇ ਸਕੇਸ਼ ਖ਼ਾਲਸਾ ਸਾਬਤ ਸੂਰਤ ਵਾਲੇ ਨੂੰ ਵੇਖ ਲੈਂਦਾ ਹੈ ਤਾਂ ਉਸ ਨੂੰ ਆਪਣੀ ਬਿਗੜੀ ਹੋਈ ਸਿਰ ਮੁੰਨੀ ਸ਼ਕਲ ਦੇ ਬਿਗੜਪਨ ਦਾ ਤਾਂ ਅਹਿਸਾਸ ਬਾਕੀ ਨਹੀਂ ਰਿਹਾ ਹੁੰਦਾ, ਵਿਲੱਖਣੀ ਸੂਰਤ ਮੂਰਤੀ ਵਾਲੇ ਨੂੰ ਵੇਖ ਕੇ ਅਚੰਭਾ ਹੁੰਦਾ ਹੈ ਤੇ ਇਸ ਤਰ੍ਹਾਂ ਦੇ ਸਵਾਲ ਹੁੰਦੇ ਹਨ ਕਿ:—'ਕੀ ਕੇਸ ਰਖਣੇ ਜ਼ਰੂਰੀ ਹਨ ?' ਉਸ ਨੂੰ ਇਹ ਅਗਿਆਨਤਾ ਪਤਾ ਨਹੀਂ ਕਿਉਂ ਹੋ ਗਈ ਹੁੰਦੀ ਹੈ ਕਿ ਕੇਸ ਵੀ ਸਾਰੇ ਸਰੀਰ ਦਾ ਐਨ ਇਹੋ ਜਿਹਾ ਹੀ ਜ਼ਰੂਰੀ ਅੰਗ ਨਹੀਂ, ਜੇਹਾ ਕਿ ਹਡ ਮਾਸ ਆਦਿਕ। ਜਿਤਨੇ ਭੀ ਸਾਰੇ ਸਰੀਰ ਦੇ ਮੁਸਾਮ ਹਨ ਉਤਨੀ ਹੀ ਰੋਮਵਲੀ ਹੈ। ਕੁਦਰਤੇ-ਕਾਨੂੰਨ ਦੇ ਮੰਨਣ-ਹਾਰੇ ਖ਼ਾਲਸ ਬੰਦੇ ਨੂੰ ਇਸ ਰੋਮਾਵਲੀ ਦਾ ਇਕ ਰੋਮ ਦਾ ਖੇਦਨ ਕਰਨਾ ਭੀ ਏਤਨਾ ਹੀ ਗੁਨਾਹ ਹੈ, ਜਿਤਨਾ ਕਿ ਇਲਮ ਤਿੱਬ ਦੇ ਜਾਨਣ ਵਾਲਿਆਂ ਲਈ ਸ੍ਰੀਰ ਦੇ ਇਕ ਮੁਸਾਮ ਨੂੰ ਬੰਦ ਕਰ ਦੇਣ ਵਾਲਾ ਜੁਰਮ ਹੈ। ਏਹ ਬੜਾ ਲੰਬਾ ਏਡੀ ਵਿਸਥਾਰਤਾ ਵਾਲਾ ਸਵਾਲ ਆਪ ਨੇ ਛੇੜਿਆ ਹੈ ਜਿਸ ਉੱਪਰ ਪੁਸਤਕਾਂ ਦੇ ਪੁਸਤਕ ਅਤੇ ਰਸਾਲਿਆਂ ਦੇ ਰਸਾਲੇ ਲਿਖੇ ਜਾ ਸਕਦੇ ਹਨ। ਏਤਨਾ ਵਿਹਲ ਨਾ ਆਪ ਨੂੰ, ਨਾ ਮੈਨੂੰ ਹੀ ਏਤਨੀ ਫ਼ੁਰਸਤ ਹੈ ਕਿ ਖੋਲ੍ਹ ਕੇ ਪ੍ਰਸਪਰ ਇਸ


www.AKJ.Org

ਵਿਸ਼ੇ ਉਤੇ ਵੀਚਾਰ ਕਰ ਸਕੀਏ । ਏਹੋ ਜਿਹੀਆਂ ਹੁਜਤਾਂ ਵਾਲੇ ਵਿਤੰਡਾਵਾਦ ਅਕਸਰ ਆਰੀਆ ਸਮਾਜੀ ਹੀ ਉਡਾਇਆ ਕਰਦੇ ਹਨ । ਕੀ ਆਪ ਨੂੰ ਭੀ ਤਾਂ ਆਰੀਆ ਸਮਾਜ ਦਾ ਪਾਹ ਤਾਂ ਨਹੀਂ ਲਗਿਆ ਹੋਇਆ ?

ਸੁਪ੍ਰੰ:—(ਹਸ ਕੇ) ਨਹੀਂ, ਮੈਂ ਏਤਨਾ ਕਟਰ ਆਰੀਆ ਸਮਾਜੀ ਤਾਂ ਨਹੀਂ ਕਿ ਵਿਤੰਡਾਵਾਦੀ ਹੀ ਹੋਵਾਂ । ਚਾਹੇ ਮੇਰੀ ਰੁਚੀ ਕੁਝ ਕੁ ਆਰੀਆ ਸਮਾਜ ਵਲ ਹੀ ਹੈ, ਪਰ ਅਜ ਜੋ ਸਵਾਲ ਮੈਂ ਆਪ ਦੇ ਅਗੇ ਕੀਤਾ ਹੈ, ਸੁਤੇ ਹੀ ਕੀਤਾ ਹੈ । ਕਿਸੇ ਵਿਤੰਡਾਵਾਦ ਨੂੰ ਮੁਖ ਰਖ ਕੇ ਨਹੀਂ ਕੀਤਾ, ਖੋਜੀ ਬਣ ਕੇ ਕੀਤਾ ਹੈ, ਚਾਹੇ ਆਪ ਨੇ ਕੁਝ ਕਰੜੇ ਪਦ ਵਰਤੇ ਹਨ, ਪਰ ਮੈਨੂੰ ਆਪ ਦੀਆਂ ਦਲੀਲਾਂ ਦੀ ਲੜੀ ਬਹੁਤ ਪਸੰਦ ਆਈ ਹੈ । ਮੇਰੀ ਬਹੁਤ ਸਾਰੀ ਸੰਸਾ ਨਿਵਿਰਤੀ ਹੋ ਗਈ ਹੈ । ਆਪ ਨੂੰ ਚਾਹੀਦਾ ਹੈ ਕਿ ਜੇਲ੍ਹੋਂ ਬਾਹਰ ਨਿਕਲ ਕੇ ਇਕ ਵਧੀਆ ਪੈਮਾਨੇ ਤੇ ਕੇਸਾਂ ਦੀ ਫ਼ਿਲਾਸਫ਼ੀ ਉਤੇ ਪੁਸਤਕ ਲਿਖ ਕੇ ਹਰੇਕ ਜ਼ਬਾਨ ਵਿਚ ਸਾਰੀ ਦੁਨੀਆ ਉਤੇ ਪ੍ਰਚਾਰ ਕਰੋ ਕਰਾਉ । ਆਪ ਦੀ ਭੇਡਾ-ਚਾਲ ਵਾਲੀ ਗੱਲ ਮੇਰੇ ਬੜੀ ਦਿਲ ਲਗੀ ਹੈ । ਸਾਡੇ ਜਿੰਨੇ ਵੀ ਪੁਰਾਤਨ ਰਿਸ਼ੀ, ਮੁਨੀ, ਅਵਤਾਰ, ਪੈਗੰਬਰ ਹੋਏ ਹਨ, ਸਭ ਕੇਸ-ਧਾਰੀ ਹੀ ਹੋਏ ਹਨ । ਮਹਾਂ-ਭਾਰਤ ਦੇ ਸਮੇਂ ਤਾਂਈ ਇਹ ਸਬੂਤ ਪਕੇ ਤੌਰ ਤੇ ਮਿਲਦੇ ਹਨ ਕਿ ਸਾਡੇ ਪੁਰਾਤਨ ਛੱਤਰੀ, ਬ੍ਰਾਹਮਣ, ਪੇਸ਼ਵਾ ਸਾਰੇ ਹੀ ਕੇਸ-ਧਾਰੀ ਹੋ ਗੁਜ਼ਰੇ ਹਨ । ਪਤਾ ਨਹੀਂ ਇਹ ਕੇਸ ਮੁੰਡਨ ਦੀ ਭੇਡ-ਚਾਲ ਰਸਮ ਕਦੋਂ ਕੁ ਤੋਂ ਸਾਡੇ ਭਾਰਤ ਵਰਸ਼ ਵਿਖੇ ਪਰਚਲਤ ਹੋ ਪਈ ਹੈ । ਮਹਾਂ ਭਾਰਤ ਦੇ ਮਹਾਂ ਯੁਧ ਸਮੇਂ ਦੀਆਂ ਮਿਸਾਲਾਂ ਹਿੰਦੂ ਧਰਮ ਦੀਆਂ ਪੁਰਾਤਨ ਪੁਸਤਕਾਂ ਵਿਚ ਮਉਜੂਦ ਹਨ ਕਿ ਕੇਸਾਂ ਦਾ ਮੁੰਡਨ ਉਸ ਸਮੇਂ ਮਹਾਂ ਨਿੰਦਨੀਯ ਰਾਜ-ਡੰਨ ਸਮਝਿਆ ਜਾਂਦਾ ਸੀ । ਸ੍ਰੀ ਕ੍ਰਿਸ਼ਨ ਜੀ ਨੇ ਰੁਕਮਨੀ ਦੇ ਭਾਈ ਰੁਕਮਨ ਯੋਧੇ ਨੂੰ ਜਦੋਂ ਰੁਕਮਨੀ ਦੀ ਸਿਫ਼ਾਰਸ਼ ਦੇ ਅਧੀਨ ਹੋ ਕੇ ਸਿਰ ਕਟਣ ਦੀ ਸਜ਼ਾ ਦੇਣੋਂ ਦਰ-ਗੁਜ਼ਰ ਕਰ ਕੇ ਉਸ ਦੇ ਕੇਸ ਕਟਣ ਦੀ ਸਜ਼ਾ ਦੇਣੀ ਮਿਥੀ ਤਾਂ ਰੁਕਮਨ ਨੇ ਬੜੀ ਦਰਦ-ਨਾਕ ਪੁਕਾਰ ਆਪਣੀ ਭੈਣ ਰੁਕਮਨੀ ਅਗੇ ਕੀਤੀ ਕਿ, "ਹੇ ਰੁਕਮਨੀ ! ਤੂੰ ਮੇਰੀ ਭੈਣ ਨਹੀਂ, ਮੇਰੀ ਵੈਰਨ ਹੈਂ । ਕਿਉਂਕਿ ਤੈਂ ਮੇਰੀ ਮੌਤ ਦੀ ਸਜ਼ਾ ਮੁਆਫ਼ ਕਰਾ ਕੇ ਕੇਸ ਕਟਣ ਦੀ ਸਜ਼ਾ ਮਨਜ਼ੂਰ ਕਰਵਾਈ ਹੈ । ਜੀਉਂਦੇ ਜੀਉ ਮੇਰੇ ਕੇਸ ਕਟੇ ਜਾਣੇ ਮੌਤ ਦੀ ਸਜ਼ਾ ਨਾਲੋਂ ਭੀ ਹਜ਼ਾਰ ਦਰਜਾ ਮਹਾਂ ਭਿਆਨਕ ਅਤੇ ਦੁਖਦਾਈ ਹੈ ।" ਆਪ ਦੇ ਖ਼ਿਆਲ ਸੋਹਣੇ ਹਨ । ਆਪ ਸਚ ਮੁਚ ਤੱਤ ਅਸੂਲਾਂ ਵਾਲੇ ਸਿੰਘ ਹੋ । ਅਜ ਤਾਂਈ ਮੇਰੀ ਕਿਸੇ ਸਿਖ ਨੇ ਅਜਿਹੀ ਨਿਸ਼ਾ ਨਹੀਂ ਕੀਤੀ ਸੀ । ਦਲੀਲ ਦਾ ਇਕ ਕਿਣਕਾ ਮਾਤਰ ਹੀ ਸਾਡੇ ਵਰਗੇ ਖੋਜੀ ਮੁਤਲਾਸ਼ੀਆਂ ਨੂੰ ਕਾਫ਼ੀ ਹੈ । ਅੱਛਾ, ਵਕਤ ਬਹੁਤ ਹੋ ਗਿਆ ਹੈ, ਕਦੇ ਫੇਰ ਸਹੀ, ਨਮਸਤੇ ।

ਮੈਂ—ਸਤਿ ਸ੍ਰੀ ਅਕਾਲ ! ਦਗਾ ਦੇ ਚਲੇ; ਫੇਰ ਤਾਂ ਫੇਰ ਹੀ ਹੈ, ਰੋਜ਼ ਏਹ ਫੇਰ ਧਰੀ ਪਈ ਹੈ ।

ਸੋ ਸਚ ਮੁਚ ਹੀ ਏਹ ਫੇਰ ਉਸ ਨਾਲ ਗੋਸ਼ਟ ਕਰਨ ਦੀ ਕਦੇ ਨਾ ਆਈ । ਪਰ ਇਹ ਸੁਪ੍ਰੰਟੈਂਡੰਟ ਬੜਾ ਹੀ ਨੇਕ ਨਿਹਾਦ ਬੰਦਾ ਵੇਖਿਆ ।

★


## ਦੋਰਾਹਾ (ਜ਼ਿਲਾ ਲੁਧਿਆਣਾ) ਵਿਚ ਰੈਣ-ਸਬਾਈ ਕੀਰਤਨ

ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਸ: ਅਚਰਜ ਸਿੰਘ ਹਰਬੰਸ ਸਿੰਘ ਕਪੜੇ ਵਾਲੇ ਬੀ—੧ (੬੪) ਲਕੜ ਮੰਡੀ, ਦੋਰਾਹਾ ਦੇ ਗ੍ਰਹਿ ਵਿਖੇ ੨੪ ਨਵੰਬਰ ੧੯੭੩ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ । ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ ।

ਪ੍ਰਾਰਥਕ ਦਾਸ—ਤੇਜਿੰਦਰ ਸਿੰਘ, ਪੰਜਾਬ ਸਿਖ ਸਟੂਡੈਂਟਸ ਫ਼ਾਊਂਡੇਸ਼ਨ, ਦੋਰਾਹਾ




www.AKJ.Org

# ਗੁਰਮਤਿ ਪਰਚਾਰ ਦਾ ਨਵਾਂ ਪਰੰਤੂ ਕੋਝਾ ਢੰਗ

[ ਵਲੋਂ — ਭਾਈ ਗੁਰਦਿਆਲ ਸਿੰਘ ਜੀ, ਈਸਟ ਮੋਹਨ ਨਗਰ, ਅੰਮ੍ਰਿਤਸਰ ]

ਅੱਜ ਕਲ੍ਹ ਖ਼ਾਲਸਾ ਪੰਥ ਅੰਦਰ ਜਿੰਨੀਆਂ ਵੀ ਧਾਰਮਿਕ ਸਭਾ-ਸੁਸਾਇਟੀਆਂ ਦਿਨੋ-ਦਿਨ ਨਵੀਆਂ ਕਾਇਮ ਹੋ ਰਹੀਆਂ ਹਨ, ਲਗ ਪਗ ਉਹਨਾਂ ਸਭਨਾਂ ਦਾ ਬਾਹਰਮੁਖੀ ਮਨੋਰਥ ਧਰਮ-ਪਰਚਾਰ ਦਾ ਹੈ, ਪਰ ਅੰਤਰਗਤ ਤਾਂ ਆਪਣੇ ਵਡੱਪਣ ਦਾ ਪਰਚਾਰ ਤੇ ਲੋਕਿਕ ਵਾਹ-ਵਾਹ ਲਈ ਸੀਮਿਤ ਹੈ। ਇਹ ਨਵੇਂ ਖ਼ਿਆਲਾਂ ਦੀਆਂ ਨਵੀਆਂ ਸੁਸਾਇਟੀਆਂ ਗੁਰਮਤਿ ਪਰਚਾਰ ਲਈ ਨਵੇਂ ਢੰਗ ਸੋਚਦੀਆਂ ਹਨ। ਇਸ ਵੇਲੇ ਸੰਸਾਰੀ ਅਨਿਕ ਪਰਕਾਰੀ ਸਿਆਣਪਾਂ, ਚਤੁਰਾਈਆਂ, ਦਲੀਲਬਾਜ਼ੀਆਂ ਵਾਲੀ ਪੱਛਮੀ ਵਿਦਿਆ ਦਾ ਬੋਲ-ਬਾਲਾ ਹੈ। ਪੱਛਮੀ ਵਿਦਿਆ ਦੇ ਸਾਂਚੇ ਵਿਚ ਤਿਆਰ ਹੋਈ ਬੁਧੀ ਅਨੁਸਾਰ ਰੁਸ਼ਨਾਏ ਦਿਮਾਗ ਨਾਲ ਪਰਚਾਰ ਦੇ ਇਹ ਨਵੇਂ ਢੰਗ ਵਿਚਾਰੇ ਜਾਂਦੇ ਹਨ। ਅਤੇ ਅਜਿਹੇ ਵਿਚਾਰਾਂ ਵਾਲੇ ਲੋਕ ਹੀ ਇਹਨਾਂ ਨਵੀਨ ਧਾਰਮਿਕ ਸੁਸਾਇਟੀਆਂ ਦੇ ਪਰਬੰਧਕ ਹਨ। ਤੱਤ ਗੁਰਮਤਿ ਦੇ ਇਹ ਨੇੜੇ ਵੀ ਨਹੀਂ ਢੁਕਦੇ; ਦੀਵਾਨਾਂ ਵਿਚ ਸੰਗਤਾਂ ਨੂੰ ਗੱਲੀਂ-ਬਾਤੀਂ ਪਰਚੱਾਂ ਜਾਂਦੇ ਹਨ। ਕਿਸੇ ਨੇ ਕੋਈ ਸ਼ੁਭ ਘਾਲਣਾ ਘਾਲੀ ਹੋਵੇ ਜਾਂ ਨਾ, ਬੱਸ ਸਿਰੋਪਾ ਦੇ ਕੇ ਨਿਰੀ ਹੰਗਤਾ-ਹਉਮੈ ਦੇ ਪੱਠੇ ਉਹਨਾਂ ਨਾਮ-ਧਰੀਕ ਸੇਵਕਾਂ ਨੂੰ ਪਾਏ ਜਾਂਦੇ ਹਨ। ਇਹ ਗੁਰਵਾਕ ਐਨ ਇਹਨਾਂ ਲੋਕਾਂ ਤੇ ਫੱਬਦਾ ਹੈ— 'ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ।"

ਅੱਜ ਦੇ ਨਵੇਂ ਪਰਚਾਰ ਦੇ ਢੰਗ ਹਨ : ਫ਼ਿਲਮਾਂ, ਅਤੇ ਲਕੜੀ ਤੇ ਕਾਗਜ਼ ਦੇ ਬੁੱਤ ਤਿਆਰ ਕਰ ਕੇ ਧਾਰਮਿਕ ਦੀਵਾਨਾਂ ਸਮੇਂ ਨੁਮਾਇਸ਼ੀ ਤੋਰ ਤੇ ਸੰਗਤਾਂ ਨੂੰ ਦਿਖਾਉਣੇ ਅਤੇ ਸਟੇਜਾਂ ਤੇ ਸਿਖ ਸਰੂਪ ਦੀਆਂ ਨਕਲਾਂ ਉਤਾਰ ਕੇ ਨਾਟਕ ਚੇਟਕ ਦੀ ਰੀਤੀ ਦਾ ਦਿਖਲਾਵਾ ਕਰਨਾ। ਇਹ ਸਭ ਕੁਝ ਸਾਡੀਆਂ ਮੁਖੀ ਧਾਰਮਿਕ ਸੰਸਥਾਵਾਂ, ਜਿਨ੍ਹਾਂ ਦੇ ਹੱਥ ਸਾਡੇ ਗੁਰਦੁਆਰਿਆਂ ਦਾ ਪ੍ਰਬੰਧ ਹੈ, ਦੀ ਇਜਾਜ਼ਤ ਨਾਲ ਹੀ ਹੋ ਰਿਹਾ ਹੈ। ਬਜਾਇ ਇਸ ਦੇ ਕਿ ਇਨ੍ਹਾਂ ਗੁਰਮਤਿ-ਵਿਰੋਧੀ ਕੁਰੀਤੀਆਂ ਨੂੰ ਰੋਕਿਆ ਜਾਵੇ, ਸਗੋਂ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਫ਼ਿਲਮਾਂ ਵਿਚ ਤਾਂ ਵਿਕਾਰੀ, ਸ਼ਰਾਬੀ ਅਤੇ ਸਿਗਰਟਾਂ ਫੂਕਣ ਵਾਲੇ ਮਨਮਤੀ ਲੋਕਾਂ ਦਾ ਪ੍ਰਭਾਵ ਹੈ। ਅਜਿਹੇ ਲੋਕਾਂ ਰਾਹੀਂ ਧਰਮ-ਪਰਚਾਰ ਦੀ ਆਸ ਰਖਣੀ ਨਿਰੀ ਮੂਰਖਤਾ ਹੈ ਅਤੇ ਆਪਣੀ ਕੁਚੇਸ਼ਟਾ ਦੀ ਭੁੱਖ ਨੂੰ ਪੂਰਾ ਕਰਨ ਦਾ ਬਹਾਨਾ ਹੈ। ਕਿਥੇ ਧਰਮ-ਪਰਚਾਰ ਅਤੇ ਕਿਥੇ ਨਾਟਕ-ਚੇਟਕੀ ਕੁਕਾਜ ? ਜਿਸ ਤਰ੍ਹਾਂ ਜੀਅ ਚਾਹੇ, ਮਨ ਮਰਜ਼ੀ ਦਾ ਭੜਕੀਲਾ ਪਹਿਰਾਵਾ ਪਾ ਕੇ ਧਾਰਮਿਕ ਫ਼ਿਲਮਾਂ ਦੇ ਦਰਸ਼ਕਾਂ ਨੂੰ ਪਰਚਾਉਣ, ਜਿਸ ਤਰ੍ਹਾਂ ਮਰਜ਼ੀ ਹੋਵੇ, ਮਨ-ਘੜਤ ਕਹਾਣੀਆਂ ਬਣਾ ਕੇ ਇਤਿਹਾਸ ਨੂੰ ਪੁੱਠਾ-ਸਿੱਧਾ ਪੇਸ਼ ਕਰਨ; ਸਾਡੀਆਂ ਇਹਨਾਂ ਸੰਸਥਾਵਾਂ ਨੂੰ ਕੋਈ ਇਤਰਾਜ਼ ਨਹੀਂ। ਇਹਨਾਂ ਦਾ ਕਹਿਣਾ ਹੈ ਕਿ ਅਜ ਦੀ ਨੌਜਵਾਨ-ਪੀੜ੍ਹੀ ਇਸ ਤਰ੍ਹਾਂ ਹੀ ਕਾਬੂ ਕੀਤੀ ਜਾ ਸਕਦੀ ਹੈ, ਕਿਉਂਕਿ ਉਹਨਾਂ ਦਾ ਝੁਕਾਉ ਸਿਨਮਿਆਂ ਵਲ ਜ਼ਿਆਦਾ ਹੈ।

ਏਥੇ ਇਹਨਾਂ ਧਾਰਮਿਕ ਸੰਸਥਾਵਾਂ ਨੂੰ ਇਹ ਪੁਛਦੇ ਹਾਂ ਕਿ ਜਿਵੇਂ ਸਿਨਮਿਆਂ ਅੰਦਰ ਫ਼ਿਲਮਾਂ ਰਾਹੀਂ ਨੌ-ਜਵਾਨਾਂ ਵਿਚ ਕਾਮੀ ਖ਼ਿਆਲ ਭਰੇ ਜਾ ਰਹੇ ਹਨ, ਜੇ ਕਿਸੇ ਵਕਤ ਇਹ ਨੌਜਵਾਨ-ਤਬਕਾ, ਪਸ਼ੂ ਪੰਛੀਆਂ ਦੀ ਨਿਆਈਂ ਆਮ ਖੁਲ੍ਹੀਆਂ ਵਿਭਚਾਰੀ ਕਰਤੂਤਾਂ ਕਰਨ ਲਗ ਜਾਵੇ ਤਾਂ ਕੀ ਇਹਨਾਂ ਦੀ ਰੁਚੀ ਅਨੁਸਾਰ ਇਹਨਾਂ ਨੂੰ ਗੁਰਮਤਿ ਵਿਚ ਲਿਆਉਣ ਲਈ ਕੋਈ ਹੋਰ ਨਵਾਂ ਢੰਗ ਅਪਣਾਓਗੇ ? ਜਿਹਾ ਕਿ ਕਈ ਲੋਕ ਇਨਸਾਨ ਨੂੰ ਕਈ ਤਰ੍ਹਾਂ ਦੇ ਲਾਲਚ; ਡਰ, ਭੈ ਦੇ ਕੇ ਆਪਣੇ ਵਲ ਪ੍ਰੇਰਦੇ ਰਹੇ ਹਨ, ਜਿਵੇਂ ਕਿ ਪਹਿਲੇ ਪਹਿਲ ਮਾਇਕ ਲਾਲਚ, ਰਾਜਸੀ ਅਹੁਦੇ, ਸੁੰਦਰ ਔਰਤਾਂ ਦੀ ਪੇਸ਼ਕਸ਼ ਅਤੇ ਬਹਿਸ਼ਤਾਂ ਤੇ ਸੁਰਗਾਂ ਦੇ ਲਾਰੇ ਲਾਏ ਜਾਂਦੇ ਸਨ। ਜੇ ਕੋਈ ਲਾਲਚ ਨਾਲ ਕਾਬੂ ਨਾ ਆ ਸਕੇ ਤਾਂ ਫਿਰ ਡਰਾਉਣਾ ਧਮਕਾਉਣਾ, ਤਸੀਹੇ ਦੇਣੇ ਅਤੇ ਅੰਤ ਵਿਚ ਕਤਲ ਕਰ ਦੇਣਾ, ਜਿਸ ਤਰ੍ਹਾਂ ਕਿ ਅਸਾਡੇ ਪਿਛਲੇ ਬਜ਼ੁਰਗਾਂ, ਸਿੰਘਾਂ, ਸਿੰਘਣੀਆਂ ਨਾਲ ਵਾਪਰਦੀ ਰਹੀ ਹੈ।

ਮਹਾਨ ਤੇ ਉਚੇ ਆਦਰਸ਼ਾਂ ਅਤੇ ਸਭਨਾਂ ਨੂੰ ਪਿਆਰ ਕਰਨ ਵਾਲੇ ਗੁਰਮਤਿ ਧਰਮ ਨੂੰ ਵਿਥਾਰਨ ਲਈ ਕੀ ਉਪਰੋਕਤ ਤਰੀਕਾ ਅਪਣਾਓਗੇ ? ਜੇ ਨਹੀਂ ਤਾਂ ਫਿਰ



www.AKJ.Org

ਨਿਤ ਨਵੀਆਂ ਸਿਖ ਫ਼ਿਲਮਾਂ ਦੀ ਕਿਉਂ ਇਜਾਜ਼ਤ ਦਿਤੀ ਜਾ ਰਹੀ ਹੈ ? ਕੀ ਇਸ ਸਮੇਂ ਇਨ੍ਹਾਂ ਧਾਰਮਿਕ ਜੱਥੇਬੰਦੀਆਂ ਅੰਦਰ ਕੋਈ ਵੀ ਗੁਰਮਤਿ ਦੀ ਸੂਝ ਬੂਝ ਰਖਣ ਵਾਲਾ ਵਿਅਕਤੀ ਨਹੀਂ ਹੈ ? ਜੇ ਉਪਰੋਕਤ ਪਰਚਾਰ ਠੀਕ ਮੰਨਿਆ ਜਾਂਦਾ ਹੈ ਤਾਂ ਇਹ ਸੰਸਥਾਵਾਂ ਦਸਣ ਕਿ ਫ਼ਿਲਮਾਂ ਰਾਹੀਂ ਕਿੰਨੇ ਕੁ ਨੌਜਵਾਨ ਬੱਚੇ-ਬੱਚੀਆਂ ਕੇਸ-ਦਾੜ੍ਹੀਆਂ ਦੀ ਬੇਅਦਬੀ ਕਰਨੋਂ ਹਟੇ ਹਨ, ਕਿੰਨਿਆਂ ਕੁ ਪ੍ਰਾਣੀਆਂ ਨੇ ਸ਼ਰਾਬ ਪੀਣੀ ਛਡੀ ਹੈ, ਕਿੰਨੇ ਕੁ ਪ੍ਰਾਣੀ ਤਿਆਰ-ਬਰ-ਤਿਆਰ ਸਿੰਘ ਸਜੇ ਹਨ ? ਕੀ ਇਹ ਫ਼ਿਲਮਾਂ ਦਾ ਢੌਂਗ ਧਰਮ ਨਾਲ ਮਖ਼ੌਲ ਨਹੀਂ ਹੈ ? ਅਤੇ ਕੀ ਅਜਿਹੇ ਚੇਸ਼ਟਾ-ਵਾਦੀ ਪਰਚਾਰ ਰਾਹੀਂ ਘਟ ਘਟ ਦੀ ਜਾਨਣਹਾਰ ਸਤਿਗੁਰੂ ਨੂੰ ਰੀਝਾ ਸਕਾਂਗੇ ?

ਸਿਖ ਮਿਸ਼ਨ ਦੇ ਪਰਚਾਰ ਲਈ ਅਜ ਦੇ ਧਾਰਮਕ ਆਗੂ ਆਚਰਨਹੀਨ, ਸ਼ਰਾਬੀ, ਸਿਗਰਟ-ਨੋਸ਼ ਤੇ ਧਾਰਮਕ ਵਿਸ਼ਵਾਸ ਤੋਂ ਕੋਰੇ ਐਕਟਰਾਂ ਤੇ ਐਕਟਰੈਸਾਂ ਰਾਹੀਂ ਆਪਣੇ ਧਾਰਮਕ ਇਖ਼ਲਾਕ ਤੇ ਗੁਰਮਤਿ ਸੂਝ-ਬੂਝ ਨੂੰ ਹਾਸੋ-ਹੀਣੀ ਬਣਾ ਰਹੇ ਹਨ। ਅਸਲ ਗੱਲ ਤਾਂ ਇਹ ਹੈ ਕਿ ਸਿਖ ਜਨਤਾ ਦੇ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ।

ਇਨ੍ਹਾਂ ਫ਼ਿਲਮਾਂ ਦੀ ਰੀਸ-ਘੜੀਸੀ ਅਜ ਕਲ੍ਹ ਸਾਡੇ ਧਾਰਮਕ ਅਸਥਾਨਾਂ ਅੰਦਰ, ਧਾਰਮਕ ਝਾਕੀਆਂ ਦੇ ਰੂਪ ਵਿਚ ਕੋਝੀ ਤਮਾਸ਼-ਬੀਨੀ ਬਣਾਈ ਜਾ ਰਹੀ ਹੈ। ਇਹ ਪਰਚਾਰ ਦੇ ਨਵੀਨ ਢੰਗ ਕੌਮ ਨੂੰ ਲੈ ਡੁਬਣਗੇ। ਇਕ ਪਾਸੇ ਤਾਂ ਦੀਵਾਨ ਸਜ ਰਹੇ ਹੁੰਦੇ ਹਨ ਅਤੇ ਦੂਜੇ ਪਾਸੇ ਗੁਰੂ ਸਾਹਿਬਾਨ ਦੀਆਂ ਅਤੇ ਸ਼ਹੀਦ ਸਿੰਘਾਂ ਦੇ ਸ਼ਹੀਦੀ ਸਾਕਿਆਂ ਦੀਆਂ ਲੱਕੜੀ ਦੇ ਬੁੱਤਾਂ ਦੀਆਂ ਬਣੀਆਂ ਤੇ ਬਿਜਲੀ ਨਾਲ ਚਲ ਰਹੀਆਂ ਝਾਕੀਆਂ ਦਿਖਾਈਆਂ ਜਾ ਰਹੀਆਂ ਹੁੰਦੀਆਂ ਹਨ। ਕਿਤੇ ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦੇ ਵਿਖਾਇਆ ਹੁੰਦਾ ਹੈ, ਕਿਤੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣੇ ਜਾਂਦਿਆਂ ਦਸਿਆ ਹੁੰਦਾ ਹੈ ਅਤੇ ਕਿਤੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਦਿਖਾਇਆ ਜਾਂਦਾ ਹੈ, ਜਿਸ ਵਿਚ ਮਾਤਾ ਸਾਹਿਬ ਕੌਰ ਜੀ ਪਤਾਸੇ ਪਾ ਰਹੇ ਹੁੰਦੇ ਹਨ। ਦੇਖਣ ਵਿਚ ਆਇਆ ਹੈ ਕਿ ਲੋਕ ਇਨ੍ਹਾਂ ਝਾਕੀਆਂ ਨੂੰ ਮੱਥੇ ਟੇਕਦੇ ਅਤੇ ਮਾਇਆ ਦੇ ਚੜ੍ਹਾਵੇ ਚੜ੍ਹਾਉਂਦੇ ਹਨ, ਜੋ ਕਿ ਮੂਰਤੀ-ਪੂਜਾ ਦੇ ਰੂਪ ਵਿਚ ਨਿਰੋਲ ਮਨਮਤ ਹੈ।

ਇਕ ਹੋਰ ਭੈੜੀ ਪਰਪਾਟੀ ਗੁਰ-ਅਸਥਾਨਾਂ ਤੋਂ ਜਣੇ ਖਣੇ ਨੂੰ ਸਿਰਪਾਉ ਦੇਣ ਦੀ ਪੈ ਰਹੀ ਹੈ। ਚਾਪਲੂਸੀਆਂ ਤੇ ਖ਼ੁਸ਼ਾਮਦਾਂ ਦੀ ਖ਼ਾਤਰ ਰਾਜਸੀ ਸਿਕਦਾਰਾਂ, ਸਰਮਾਇਦਾਰ ਆਗੂਆਂ, ਲੀਡਰਾਂ ਅਤੇ ਮੂੰਹ ਮੁਲਾਹਜ਼ੇ ਵਾਲੇ ਚਾਰ-ਯਾਰ ਹਮਾਇਤੀਆਂ ਆਦਿ ਨੂੰ ਕੀਮਤੀ ਸਿਰਪਾਉ ਤੇ ਸ੍ਰੀ ਸਾਹਿਬਾਂ ਭੇਟ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਉਨ੍ਹਾਂ ਨੇ ਕੋਈ ਵਡਾ ਮਾਅਰਕਾ ਮਾਰਿਆ ਹੁੰਦਾ ਹੈ।

ਕਿਸੇ ਵੀ ਸੇਵਾਦਾਰ, ਸੂਰਮੇ ਜਾਂ ਕਿਸੇ ਹੋਰ ਵਿਅਕਤੀ ਨੂੰ ਸਿਰੋਪਾ ਓਦੋਂ ਦਿਤਾ ਜਾਂਦਾ ਹੈ ਜਦੋਂ ਕਿ ਉਸ ਨੇ ਦੇਸ਼ ਕੌਮ ਦੀ ਖ਼ਾਤਰ ਆਪਣੀ ਜਾਨ ਹੂਲ ਕੇ ਸੇਵਾ ਕੀਤੀ ਹੋਵੇ ਅਤੇ ਉਸ ਸੇਵਾ ਬਦਲੇ ਹੀ ਉਸ ਨੂੰ ਸਤਿਕਾਰਿਆ ਜਾਂਦਾ ਹੈ। ਅਜਿਹੇ ਨਿਰਮਾਣ ਸੇਵਕਾਂ ਦਾ ਜਨਤਾ ਦੇ ਦਿਲਾਂ ਵਿਚ ਪਹਿਲੋਂ ਹੀ ਡੂੰਘਾ ਸਤਿਕਾਰ ਹੁੰਦਾ ਹੈ ਅਤੇ ਗੁਰ-ਅਸਥਾਨਾਂ ਤੋਂ ਅਜਿਹੇ ਸੇਵਕਾਂ ਨੂੰ ਸਿਰੋਪਾਉ ਦੁਆਰਾ ਸਤਿਕਾਰੇ ਜਾਣ ਤੇ ਆਮ ਜਨਤਾ ਨੂੰ ਖ਼ਾਸ ਪ੍ਰਸੰਨਤਾ ਹੁੰਦੀ ਹੈ। ਪਰ ਅਜ ਕਲ੍ਹ ਇਸ ਦੇ ਐਨ ਉਲਟ ਹੋ ਰਿਹਾ ਹੈ, ਭਾਵੇਂ ਉਸ ਵਿਅਕਤੀ ਨੂੰ ਕੋਈ ਜਾਣੇ ਪਛਾਣੇ ਵੀ ਨਾ।

ਜਿਹੜੇ ਪ੍ਰਾਣੀ ਗੁਰੂ ਦੀ ਅਤੇ ਦੇਸ਼ ਕੌਮ ਦੀ ਸੇਵਾ ਤਨ ਮਨ ਧਨ ਵਾਰ ਕੇ ਸੱਚੇ ਪ੍ਰੇਮ-ਪਿਆਰ ਨਾਲ ਕਰਦੇ ਹਨ ਉਨ੍ਹਾਂ ਨੂੰ ਇਹ ਵਡਿਆਈਆਂ ਸੁਪਨ ਮਾਤਰ ਵੀ ਨਹੀਂ ਭਾਉਂਦੀਆਂ; ਉਹ ਇਨ੍ਹਾਂ ਵਡਿਆਈਆਂ ਨੂੰ ਹਉਮੈ ਦੀ ਭੱਠੀ ਵਿਚ ਪੈਣਾ ਸਮਝਦੇ ਹਨ।

ਖ਼ਾਲਸਾ ਜੀ ਦਾ ਆਸ਼ਾ, ਇਸ਼ਟ, ਉਪਾਸ਼ਨਾ, ਖਾਣ-ਪਾਣ ਤੇ ਪਹਿਰਾਵਾ ਸਾਰੇ ਜਗ ਤੋਂ ਨਿਆਰਾ ਹੈ। ਇਸ ਨਿਆਰੇਪਣ ਵਿਚ ਹੀ ਸਤਿਗੁਰੂ ਦਾ ਬਖ਼ਸ਼ਿਆ ਤੇਜ ਪ੍ਰਤਾਪ ਹੈ। ਬਿਨਾਂ ਤੇਜ ਪ੍ਰਤਾਪ ਤੋਂ ਅਸੀਂ ਆਪਣਾ ਪ੍ਰਭਾਵ ਦੂਸਰੇ ਤੇ ਨਹੀਂ ਪਾ ਸਕਦੇ। ਬਿਨਾਂ ਪ੍ਰਭਾਵ ਦੇ ਕੋਈ ਵੀ ਪ੍ਰਾਣੀ ਗੁਰਮਤਿ ਨੂੰ ਕਿਵੇਂ ਗ੍ਰਹਿਣ ਕਰੇਗਾ ? ਇਸ ਲਈ ਸਾਨੂੰ ਪਰਚਾਰ ਦੇ ਉਪਰੋਕਤ ਤਰੀਕੇ ਛਡਣੇ ਪੈਣਗੇ। ਗੋਰ ਮੜ੍ਹੀ ਮੱਠ ਤੇ ਬੁੱਤਾਂ ਦੀ ਪੂਜਾ ਸਾਨੂੰ ਹਿੰਦੂ-ਰੀਤੀਆਂ ਵਿਚ ਮਿਲਗੋਭਾ ਕਰ ਦੇਵੇਗੀ। ਖ਼ਾਲਸਾ ਧਰਮ ਦੀ ਪ੍ਰਧਾਨਤਾ ਉਸ ਦਾ ਹਿੰਦੂ ਤੁਰਕ ਦੋਹਾਂ ਦੇ ਅਮਲਾਂ ਤੋਂ ਨਿਆਰੇ ਰਹਿਣ ਕਰਕੇ ਹੀ ਹੈ।

ਸੋ ਸਮੁੱਚੇ ਤੌਰ ਤੇ ਸਾਰੀਆਂ ਸੰਸਥਾਵਾਂ, ਧਾਰਮਿਕ ਜੱਥੇਬੰਦੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਹੈ ਕਿ ਗੁਰਮਤਿ ਰੌਸ਼ਨੀ ਅੰਦਰ ਸੋਚੀਏ ਵੀਚਾਰੀਏ ਅਤੇ ਕੋਝੇ ਢੰਗਾਂ ਨੂੰ ਤਿਆਗ ਕੇ ਸਰਬ-ਕਲਾ ਸਮਰਥ ਗੁਰਦੇਵ ਦੇ ਦ੍ਰਿੜ੍ਹਾਏ ਮਾਰਗ ਤੇ ਚਲੀਏ। ਗੁਰਬਾਣੀ ਦੇ ਉਪਦੇਸ਼ਾਂ ਅਨੁਸਾਰ ਆਪਣਾ ਜੀਵਨ ਢਾਲੀਏ ਅਤੇ ਪੂਰਨ ਤੌਰ ਤੇ ਅਮਲ ਕਰੀਏ। ਅਮਲੀ ਜੀਵਨ ਹੀ ਸਹੀ ਅਰਥਾਂ ਵਿਚ ਗੁਰਮਤਿ ਤੇ ਗੁਰਸਿਖੀ ਦਾ ਪਰਚਾਰ ਹੈ। ਜੇ ਅਮਲੀ ਜੀਵਨ ਨਹੀਂ ਤਾਂ ਇਹੋ ਜਿਹਾ ਕਥਿਤ ਪਰਚਾਰ ਇਕ ਢੌਂਗ ਹੀ ਹੈ।



www.AKJ.Org

# ਨਾਨਕ ਸੋ ਪ੍ਰਭੁ ਸਿਮਰੀਐ, ਤਿਸੁ ਦੇਹੀ ਕਉ ਪਾਲਿ ॥

[ ਵਲੋਂ—ਪ੍ਰਿੰਸੀਪਲ ਨਿਰੰਜਨ ਸਿੰਘ ਜੀ ਐਮ. ਐਸ.ਸੀ. ]

ਪ੍ਰਿੰਸੀਪਲ ਨਿਰੰਜਨ ਸਿੰਘ ਜੀ ਆਪਣੀਆਂ ਪੁਸਤਕਾਂ ਵਿਚ ਥਾਂ-ਪਰ-ਥਾਂ ਸੇਵਾ ਤੇ ਸਿਮਰਨ ਨੂੰ ਮਨੁੱਖਾ ਜੀਵਨ ਦਾ ਮੁਖ ਮਨੋਰਥ ਦਰਸਾਉਂਦੇ ਹਨ। ਸਰੀਰ ਰੂਪੀ ਰੱਥ ਤੋਂ ਸੇਵਾ ਲੈਣ ਲਈ ਅਤੇ ਮਨ ਤੇ ਆਤਮਾ ਰੂਪੀ ਰਥਵਾਨ ਨੂੰ ਬਲਵਾਨ ਕਰਨ ਲਈ, ਸਰੀਰ-ਰੱਥ ਦੀ ਸੰਭਾਲ ਅਤਿ ਜ਼ਰੂਰੀ ਦਸਦੇ ਹਨ। ਮਨ ਤੇ ਆਤਮਾ ਦਾ ਨਿਵਾਸ ਇਸ ਦੇਹੀ ਅੰਦਰ ਹੀ ਹੈ ਅਤੇ ਪਰਮ-ਆਤਮ ਜੋਤ ਦੀ ਖੋਜ ਵੀ ਇਸੇ ਦੇਹੀ ਵਿਚੋਂ ਹੀ ਕਰਨੀ ਹੈ।

"ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥ ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥ ਇਸੁ ਕਾਇਆ ਅੰਦਰਿ ਨਾਮ ਨਉਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥.........ਗੁਰਮੁਖਿ ਹੋਵੈ ਸੁ ਕਾਇਆ ਖੋਜੈ, ਹੋਰ ਸਭ ਭਰਮਿ ਭੁਲਾਈ ॥"

ਇਸ ਕਾਇਆ ਨੂੰ ਖੋਜਣ ਲਈ ਨਿਯਮ-ਬੱਧ ਹੋਣਾ ਲਾਜ਼ਮੀ ਹੈ, ਜਿਹਾ ਕਿ "ਥੋੜਾ ਸਵਣਾ ਖਾਵਣਾ, ਥੋੜਾ ਬੋਲਣੁ ਗੁਰਮਤਿ ਪਾਏ ॥" ਸੋ ਸਰੀਰ ਦੀ ਸੰਭਾਲ ਅਤੇ ਸਰੀਰਕ ਕਿਰਿਆ ਵਲ ਧਿਆਨ ਦਿਵਾਉਣ ਵਾਲੇ, ਪ੍ਰਿੰਸੀਪਲ ਸਾਹਿਬ ਦੇ ਕੁਝ ਵਿਚਾਰ ਹੇਠਾਂ ਦਿਤੇ ਜਾਂਦੇ ਹਨ, ਜਿਨ੍ਹਾਂ ਦੀ ਵਰਤੋਂ ਪਰਮਾਰਥ ਦੇ ਪਾਂਧੀਆਂ ਲਈ ਬਹੁਤ ਸਹਾਈ ਹੈ। —ਐਡੀਟਰ

੧. ਆਟੇ ਨੂੰ ਛਾਣੋ ਨਾ। ਇਸੇ ਤਰ੍ਹਾਂ ਦਾਲਾਂ ਭੀ ਸਾਬਤ ਜਾਂ ਦਲੀਆਂ ਹੋਈਆਂ ਖਾਉ, ਕਿਉਂਕਿ ਵਿਟੇਮਨ 'ਬੀ' ਅਨਾਜਾਂ ਅਤੇ ਦਾਲਾਂ ਦੇ ਛਿਲਕਿਆਂ ਵਿਚ ਹੁੰਦਾ ਹੈ।

੨. ਆਟਾ ਗੁੰਨ੍ਹ ਕੇ ਖ਼ਮੀਰਾ ਬਣਾ ਲਓ। ਖ਼ਮੀਰ ਵਿਚ ਵਿਟੇਮਨ 'ਬੀ' ਪੈਦਾ ਹੋ ਜਾਂਦਾ ਹੈ। ਨਾਲ ਹੀ ਖ਼ਮੀਰੀ ਰੋਟੀ ਪੋਲੀ ਹੁੰਦੀ ਹੈ ਅਤੇ ਚਿੱਥਣ ਵਿਚ ਸੌਖ ਹੁੰਦਾ ਹੈ।

੩. ਦੁੱਧ ਵਿਚ ਖ਼ੁਰਾਕ ਦੇ ਤਕਰੀਬਨ ਸਾਰੇ ਅੰਸ਼ ਸੰਤੁਲਤ ਮਾਤਰਾ ਵਿਚ ਮੌਜੂਦ ਹੁੰਦੇ ਹਨ ਅਤੇ ਹੁੰਦੇ ਵੀ ਐਸੇ ਰੂਪ ਵਿਚ ਹਨ ਜੋ ਮਿਹਦੇ ਵਿਚ ਅਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਇਸ ਲਈ ਦੁੱਧ ਜਾਂ ਦਹੀਂ ਅੱਧਾ ਕਿਲੋ ਹਰ ਰੋਜ਼ ਵਰਤੋ। ਜੇ ਦੁੱਧ ਨਸੀਬ ਨਾ ਹੋਵੇ ਤਾਂ ਖੱਟੀ ਲੱਸੀ, ਜਿਹੜੀ ਅਗੇ ਤਾਂ ਪਿੰਡਾਂ ਵਿਚ ਆਸਾਨੀ ਨਾਲ ਮਿਲ ਜਾਂਦੀ ਸੀ, ਉਹ ਹੀ ਪੀਉ। ਇਸ ਲੱਸੀ ਵਿਚ ਸਿਵਾਏ ਮੱਖਣ ਦੇ ਹੋਰ ਸਾਰੇ ਅੰਸ਼ ਮੌਜੂਦ ਹੁੰਦੇ ਹਨ।

੪. ਥੋੜਾ ਬਹੁਤਾ ਘਿਉ ਜਾਂ ਮੱਖਣ ਭੀ ਵਰਤੋ। ਤੜਕਾ ਲਾਣ ਲਈ ਬਨਾਸਪਤੀ ਤੇ ਪੈਸੇ ਜ਼ਾਇਆ ਕਰਨੇ ਭੁੱਲ ਹੈ। ਬਨਾਸਪਤੀ ਨਾਲੋਂ ਆਮ ਤੇਲਾਂ ਦਾ ਤੜਕਾ ਲਾਣਾ ਚੰਗਾ ਰਹੇਗਾ।

੫. ਕਿਸੇ ਨਾ ਕਿਸੇ ਫਲ ਦਾ ਸੇਵਨ ਜ਼ਰੂਰ ਕਰੋ। ਜੇ ਕਿਸੇ ਹੋਰ ਫਲ ਦੀ ਤੌਫ਼ੀਕ ਨਾ ਹੋਵੇ ਤਾਂ ਟਮਾਟਰ ਜਾਂ ਔਲਾ ਹੀ ਵਰਤ ਲਓ। ਇਹ ਭੀ ਤਾਂ ਫਲ ਅਤੇ ਵਿਟੇਮਨ ਦੇ ਭੰਡਾਰ ਹਨ।

੬. ਸਬਜ਼ੀਆਂ ਜ਼ਰੂਰ ਖਾਉ, ਕੱਚੀਆਂ ਭੀ ਅਤੇ ਪੱਕੀਆਂ ਭੀ। ਗਾਜਰਾਂ, ਮੂਲੀਆਂ ਅਤੇ ਸਾਗਾਂ ਦੀ ਤਾਂ ਕੋਈ ਕਮੀ ਨਹੀਂ ਹੁੰਦੀ। ਜੇ ਹੋਰ ਕੋਈ ਕੱਚੀ ਸਬਜ਼ੀ ਕਿਸੇ ਦਿਨ ਨਾ ਮਿਲ ਸਕੇ ਤਾਂ ਹਰੇ ਧਨੀਏ ਜਾਂ ਪੂਦਨੇ ਦੀ ਚਟਣੀ ਹੀ ਬਣਾ ਕੇ ਖਾ ਲਓ।

੭. ਰੋਟੀ ਖ਼ੂਬ ਚਿੱਥ ਚਿੱਥ ਕੇ ਖਾਉ ਅਤੇ ਜਿੰਨੀ ਖਾਣ ਦੇ ਆਦੀ ਹੋ, ਉਸ ਨਾਲੋਂ ਇਕ-ਅੱਧ ਫੁਲਕਾ ਘਟਾ ਕੇ ਖਾਣ ਦੀ ਆਦਤ ਪਾਓ। ਅਸੀਂ ਖ਼ੁਰਾਕ ਵਿਚ ਨਸ਼ਾਸਤਾ ਜ਼ਿਆਦਾ ਵਰਤਦੇ ਹਾਂ, ਪਰ ਇਸ ਨਾਲ ਪਿਸ਼ਾਬ ਵਿਚ ਸ਼ਕਰ ਆਉਣ ਲਗ ਪੈਂਦੀ ਹੈ ਅਤੇ ਇਹ ਡਾਇਆਬਟੀਜ਼ ਹੀ ਸਭ ਰੋਗਾਂ ਦੀ ਮਾਂ ਹੈ।



www.AKJ.Org

੮. "ਜੈਸਾ ਅੰਨ ਤੈਸਾ ਮਨ", ਸਾਤਵਕ ਜੀਵਨ ਲਈ ਖ਼ੁਰਾਕ ਵੀ ਸਾਤਵਕ ਹੋਣੀ ਚਾਹੀਦੀ ਹੈ ਅਤੇ ਸਾਤਵਕ ਭੋਜਨ ਹੈ ਫਲ ਸਬਜ਼ੀਆਂ ਅਤੇ ਦੁੱਧ।

੯. ਬਦਾਮ ਅਤੇ ਹੋਰ ਛਿਲੜ ਵਾਲੀਆਂ ਚੀਜ਼ਾਂ ਭੀ ਚੰਗੀਆਂ ਗੁਣਕਾਰੀ ਹਨ। ਇਨ੍ਹਾਂ ਵਿਚ ਪ੍ਰੋਟੀਨਜ਼ ਅਤੇ ਹਜ਼ਮ ਹੋਣ ਵਾਲੇ ਤੇਲ ਹੁੰਦੇ ਹਨ। ਸਰਦੀਆਂ ਵਿਚ ਇਹਨਾਂ ਦਾ ਸੇਵਨ ਜ਼ਿਆਦਾ ਲਾਭਦਾਇਕ ਹੁੰਦਾ ਹੈ।

੧੦. **ਮਾਸ ਚੰਗੀ ਖ਼ੁਰਾਕ ਨਹੀਂ।** ਇਹ ਵਿਸ਼ੇ-ਵਿਕਾਰਾਂ ਨੂੰ ਵਧਾਉਂਦਾ ਹੈ ਅਤੇ ਹਜ਼ਮ ਭੀ ਮੁਸ਼ਕਲ ਨਾਲ ਹੁੰਦਾ ਹੈ। ਮਾਸ ਅਤੇ ਮਾਂਹ ਦੀ ਦਾਲ ਗੰਠੀਆ ਆਦਿ ਰੋਗ ਪੈਦਾ ਕਰਦੇ ਹਨ।

੧੧. **ਜਿਨ੍ਹਾਂ ਚੀਜ਼ਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਉਹ ਹਨ ਨਸ਼ੇ :** ਸ਼ਰਾਬ, ਭੰਗ, ਅਫ਼ੀਮ, ਤਮਾਕੂ, ਚਾਹ, ਕਾਫ਼ੀ। ਨਸ਼ੇ ਵਾਲੀਆਂ ਸਾਰੀਆਂ ਚੀਜ਼ਾਂ ਪਹਿਲਾਂ ਤਾਂ ਖ਼ੂਨ ਨੂੰ ਜੋਸ਼ ਦੇ ਕੇ ਆਦਮੀ ਨੂੰ ਜ਼ਰਾ ਚੁਕਦੀਆਂ ਹਨ, ਪਰ ਬਹੁਤਾ ਵਰਤਣ ਨਾਲ ਹਾਜ਼ਮੇ ਨੂੰ ਨਾਸ ਕਰ ਦਿੰਦੀਆਂ ਹਨ। ਇਕ ਨਵੀਂ ਲਾਅਨਤ ਜਿਹੜੀ ਸਾਡੇ ਦੇਸ਼ ਵਿਚ ਆਈ ਹੈ, ਉਹ ਹੈ ਕੋਕਾ ਕੋਲਾ। ਇਸ ਵਿਚ ਵੀ ਕੈਫ਼ੀਨ ਹੁੰਦੀ ਹੈ ਅਤੇ ਇਹ ਚਾਹ ਵਾਂਗ ਥੋੜਾ ਜਿਹਾ ਨਸ਼ਾ ਦਿੰਦਾ ਹੈ। ਪੀਣ ਲਈ ਅੰਮ੍ਰਿਤ ਸਮਾਨ ਚੀਜ਼ ਫਲਾਂ ਦੇ ਰਸ ਹਨ।

੧੨. ਭੋਜਨ ਭੀ ਸਮੇਂ ਸਿਰ ਹੀ ਖਾਉ। ਸਾਰਾ ਦਿਨ ਖਾਂਦੇ ਰਹਿਣਾ ਜਾਂ ਕਦੇ ਕਿਸੇ ਵੇਲੇ ਰੋਟੀ ਖਾਣੀ ਅਤੇ ਕਦੇ ਕਿਸੇ ਵੇਲੇ, ਇਹ ਠੀਕ ਨਹੀਂ। ਮਿਹਦਾ ਖ਼ੁਰਾਕ ਦੇ ਫੋਗਾਂ ਨੂੰ ਬਾਹਰ ਕੱਢਣ ਦਾ ਜ਼ੋਰ ਉਸ ਵੇਲੇ ਲਾਉਂਦਾ ਹੈ ਜਦ ਉਸ ਨੂੰ ਪਚਾਣ ਦੇ ਕੰਮ ਤੋਂ ਵਿਹਲ ਮਿਲੇ। ਵੇਲੇ ਸਿਰ ਭੋਜਨ ਖਾਣ ਨਾਲ ਹੀ ਇਹ ਹੋ ਸਕਦਾ ਹੈ।

੧੩. ਖ਼ੁਰਾਕ ਨੂੰ ਖਾਣ ਨਾਲੋਂ ਭੀ ਜ਼ਿਆਦਾ ਜ਼ਰੂਰੀ ਕਰਮ ਇਸ ਨੂੰ ਪਚਾ ਕੇ ਤਰੋ-ਤਾਜ਼ਾ ਅਤੇ ਸ਼ੁਧ ਲਹੂ ਬਣਾਣਾ ਹੁੰਦਾ ਹੈ। ਜੇ ਘੋੜੇ ਨੂੰ ਇਕ ਥਾਂ ਬੰਨ੍ਹ ਕੇ ਉਸ ਨੂੰ ਖ਼ੂਬ ਖਵਾਈ ਜਾਈਏ ਅਤੇ ਉਸ ਪਾਸੋਂ ਕੰਮ ਨਾ ਲਈਏ ਤਾਂ ਭੀ ਉਹ ਰੋਗੀ ਹੋ ਜਾਂਦਾ ਹੈ। ਕੰਮ ਕਰਦਿਆਂ ਹੀ ਉਹ ਜੋਬਨ ਵਿਚ ਰਹਿੰਦਾ ਹੈ। ਜੇ ਕਦੇ ਘੋੜੇ ਵਾਸਤੇ ਕੋਈ ਕੰਮ ਨਾ ਹੋਵੇ ਤਾਂ ਕਹੀਦਾ ਹੈ ਕਿ ਇਸ ਨੂੰ ਫਿਰਾ ਤੁਰਾ ਹੀ ਲਿਆਓ, ਤਾਕਿ ਇਸ ਦੇ ਅੰਗ ਖੁਲ੍ਹ ਜਾਣ। ਇਹੋ ਗੱਲ ਇਨਸਾਨੀ ਸਰੀਰ ਦੀ ਹੈ। ਮੁਸ਼ੱਕਤ ਕਰਨਾ ਇਨਸਾਨ ਦਾ ਪਰਮ-ਧਰਮ ਹੈ। ਹੱਥਾਂ ਦੀ ਮਿਹਨਤ ਕਰੋ ਤੇ ਖ਼ੂਬ ਦੌੜ-ਭਜ ਕਰੋ। ਇਸ ਨਾਲ ਤਾਜ਼ਾ ਖ਼ੂਨ, ਨਵੇਂ ਜੀਵਾਣੂ ਅਤੇ ਨਵੇਂ ਪੱਠੇ ਆਦਿ ਬਣਦੇ ਰਹਿੰਦੇ ਹਨ। **ਇਹ ਤਾਜ਼ਗੀ ਦੀ ਲਹਿਰ ਹੀ ਇਨਸਾਨੀ ਸਰੀਰ ਨੂੰ ਚੜ੍ਹਦੀਆਂ ਕਲਾਂ ਵਿਚ ਰਖਦੀ ਹੈ।** ਖੇਤੀ-ਬਾੜੀ ਦਾ ਕੰਮ ਕਰਨਾ ਅਤੇ ਮਿਹਨਤ-ਮਜ਼ੂਰੀ ਕਰਨੀ, ਤਰਖਾਣਾ, ਲੋਹਾਰਾ ਜਾਂ ਹੋਰ ਇਹੋ ਜਹੇ ਕੰਮ ਕਰਨੇ, ਇਹੋ ਹੀ ਕੁਦਰਤੀ ਮੁਸ਼ੱਕਤਾਂ ਹਨ।

ਇਸ ਦਾ ਭਾਵ ਇਹ ਹੈ ਕਿ ਹਰ ਇਕ ਧਰਮੀ ਪੁਰਸ਼ ਲਈ ਇਹ ਅਵੱਸ਼ ਹੈ ਕਿ ਉਹ ਆਪਣੇ ਹੱਥੀਂ ਮਿਹਨਤ ਕਰ ਕੇ ਆਪਣੀ ਜੀਵਕਾ ਲਈ ਅਹਾਰ ਆਪ ਪੈਦਾ ਕਰੇ। ਇਸ ਦ੍ਰਿਸ਼ਟੀ ਤੋਂ ਸੱਚਾ ਸੁੱਚਾ ਤੇ ਸੰਪੂਰਨ ਜੀਵਨ ਗੁਰੂ ਨਾਨਕ ਜੀ ਦਾ ਸੀ।

੧੪. ਚਮੜੀ ਨੂੰ ਸਾਫ਼ ਰੱਖਣ ਅਤੇ ਮਸਾਮਾਂ ਨੂੰ ਖੁਲ੍ਹੇ ਰਖਣ ਲਈ ਹਰ ਰੋਜ਼ ਇਸ਼ਨਾਨ ਕਰਨਾ ਜ਼ਰੂਰੀ ਹੈ। ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਅਤੇ ਠੰਡੇ ਪਾਣੀ ਨਾਲ ਕਰਨਾ ਹੀ ਲਾਭਦਾਇਕ ਹੁੰਦਾ ਹੈ। ਸਿਵਾਏ ਬਿਰਧ ਆਦਮੀਆਂ ਦੇ ਬਾਕੀਆਂ ਨੂੰ ਸਰਦੀਆਂ ਵਿਚ ਵੀ ਗਰਮ ਪਾਣੀ ਵਰਤਣ ਦੀ ਕੋਈ ਲੋੜ ਨਹੀਂ। ਠੰਡੇ ਪਾਣੀ ਨਾਲ ਸਰਦੀਆਂ ਵਿਚ ਨਹਾਓ। ਦੇਖੋ ਪਿਛੋਂ ਸਰੀਰ ਕੈਸਾ ਗਰਮ ਹੋ ਜਾਂਦਾ ਹੈ। ਨਹਾਣ ਵੇਲੇ ਸਰੀਰ ਨੂੰ ਖ਼ੂਬ ਮਲਣਾ ਚਾਹੀਦਾ ਹੈ। ਇਸ ਨਾਲ ਨਾੜੀਆਂ ਨੂੰ ਹਰਕਤ ਮਿਲਦੀ ਹੈ ਅਤੇ ਮਸਾਮ ਚੰਗੇ ਖੁਲ੍ਹਦੇ ਹਨ। ਨਹਾਣ ਵੇਲੇ ਸਾਬਣ ਦੀ ਵਰਤੋਂ ਬਿਲਕੁਲ ਜ਼ਰੂਰੀ ਨਹੀਂ। ਸਾਬਣ ਵਿਚ ਆਮ ਤੌਰ ਤੇ ਕਾਸਟਕ ਸੋਡਾ ਥੋੜਾ ਬਾਹਲਾ ਰਹਿ ਜਾਂਦਾ ਹੈ ਅਤੇ ਇਹ ਚਮੜੀ ਨੂੰ ਖ਼ਰਾਬ ਕਰਦਾ ਹੈ। ਚਮੜੀ ਵਿਚੋਂ ਮਸਾਮਾਂ ਅਤੇ ਵਾਲਾਂ ਰਾਹੀਂ ਥੋੜਾ ਥੋੜਾ ਤੇਲ ਨਿਕਲਦਾ ਰਹਿੰਦਾ ਹੈ ਅਤੇ ਇਹ ਤੇਲ ਚਮੜੀ ਨੂੰ



www.AKJ.Org

ਠੀਕ ਹਾਲਤ ਵਿਚ ਰਖਦਾ ਹੈ । ਜੇ ਹਫ਼ਤੇ ਵਿਚ ਇਕ ਵਾਰੀ ਤੇਲ ਦੀ ਮਾਲਸ਼ ਕਰ ਲਈ ਜਾਵੇ ਤਾਂ ਚਮੜੀ ਦੀ ਹਾਲਤ ਬਹੁਤ ਚੰਗੀ ਹੋ ਜਾਂਦੀ ਹੈ। ਪਰ ਮਾਲਸ਼ ਦੇ ਪਿਛੋਂ ਵਾਧੂ ਤੇਲ ਨੂੰ ਸਰੀਰ ਤੋਂ ਲਾਹੁਣ ਲਈ ਸਾਬਣ ਦੀ ਵਰਤੋਂ ਜ਼ਰੂਰੀ ਹੈ।

੧੫. ਜਾਗਣ-ਸੌਣ, ਖਾਣ-ਪੀਣ, ਕੰਮ ਕਰਨ ਅਤੇ ਅਰਾਮ ਕਰਨ ਦੇ ਸਮੇਂ ਬੱਧੇ ਹੋਣੇ ਚਾਹੀਦੇ ਹਨ। ਰਾਤ ਨੂੰ ਸਾਜਰੇ ਹੀ ਸੌਣਾ ਅਤੇ ਸਵੇਰੇ ਅੰਮ੍ਰਿਤ ਵੇਲੇ ਜਾਗਣਾ ਸਿਹਤ ਅਤੇ ਜ਼ਿੰਦਗੀ ਦੀ ਕਾਮਯਾਬੀ ਲਈ ਜ਼ਰੂਰੀ ਹਨ। ਰਾਤ ਨੂੰ ੧੨ ਵਜੇ ਤਕ ਜਾਗਦੇ ਰਹਿਣਾ ਅਤੇ ਸਵੇਰੇ ਅਠ ਵਜੇ ਤਕ ਬਿਸਤਰੇ ਵਿਚ ਪਲਸੇਟੇ ਮਾਰੀ ਜਾਣਾ ਇਹ ਭੈੜੀਆਂ ਆਦਤਾਂ ਹਨ । ਸਾਰਾ ਦਿਨ ਅਤੇ ਰਾਤ ਆਦਮੀ ਨੂੰ ਠੀਕ ਇਕ ਮਸ਼ੀਨ ਵਾਂਗ ਚਲਣਾ ਚਾਹੀਦਾ ਹੈ। ਇਸ ਨਾਲ ਸਰੀਰ ਅਰੋਗ ਰਹਿੰਦਾ ਹੈ। ਦਿਲ ਖ਼ੁਸ਼ ਰਹਿੰਦਾ ਹੈ ਅਤੇ ਦਿਮਾਗ ਤੇ ਯਾਦ ਰਖਣ ਦਾ ਬੋਝ ਨਹੀਂ ਪੈਂਦਾ । ਆਦਤਾਂ ਹੀ ਐਸੀਆਂ ਪਾ ਲੈਣੀਆਂ ਚਾਹੀਦੀਆਂ ਹਨ ਕਿ ਮਸ਼ੀਨ ਵਾਂਗ ਬਿਨਾਂ ਕਿਸੇ ਯਤਨ ਦੇ ਸਰੀਰ ਦੀ ਕਿਰਿਆ ਚਲਦੀ ਰਹੇ।

੧੬. **ਇਨਸਾਨ ਦੀ ਅਕਲ ਅਜੇ ਕੱਚੀ ਹੈ** । ਕਈ ਤਰ੍ਹਾਂ ਦੀਆਂ ਭੁੱਲਾਂ ਇਸ ਪਾਸੋਂ ਹੁੰਦੀਆਂ ਹਨ। ਭੁੱਲ ਦਾ ਨਤੀਜਾ ਦੁਖ ਹੁੰਦਾ ਹੈ। ਫੇਰ ਵਿਚਾਰ ਸ਼ੁਰੂ ਹੁੰਦੀ ਹੈ ਅਤੇ ਭੁੱਲ ਦੀ ਸੁਧਾਈ ਕੀਤੀ ਜਾਂਦੀ ਹੈ। ਕੁਦਰਤ ਨੇ ਇਨਸਾਨ ਨੂੰ ਕਪੜੇ ਪਹਿਨਾ ਕੇ ਤਾਂ ਭੇਜਿਆ ਨਹੀਂ, ਪਰ ਕਪੜਿਆਂ ਬਿਨਾਂ ਸਰਦਾ ਭੀ ਨਹੀਂ। ਦੂਜੇ ਪਾਸੇ ਹਰ ਜੀਉਂਦੀ ਚੀਜ਼ ਨੂੰ ਰੌਸ਼ਨੀ ਅਤੇ ਵਾਯੂ ਦੀ ਲੋੜ ਰਹਿੰਦੀ ਹੈ। ਪਾਣੀ ਦੇ ਗੁਸਲ ਵਾਂਗ ਧੁੱਪ ਤੇ ਵਾਯੂ ਦੇ ਗੁਸਲ ਦੀ ਵੀ ਲੋੜ ਹੈ।

ਇਹ ਸਾਰੇ ਮੋਟੇ ਮੋਟੇ ਨਿਯਮ ਹਨ । ਇਨ੍ਹਾਂ ਦੀ ਜੀਵਨ ਵਿਰ ਵਰਤੋਂ ਸਰੀਰ ਨੂੰ ਅਰੋਗ ਅਤੇ ਉਮਰ ਨੂੰ ਦੀਰਘ ਬਣਾਉਂਦੀ ਹੈ, ਪਰ ਆਖ਼ਰੀ ਫ਼ੈਸਲਾ ਤਾਂ ਹਰ ਗੱਲ ਦਾ ਇਨਸਾਨ ਦੀ ਅਕਲ ਨੇ ਹੀ ਕਰਨਾ ਹੈ । ਇਨਸਾਨਾਂ ਨੂੰ ਸਰੀਰ ਤਾਂ ਵਿਰਸੇ ਵਿਚ ਆਪਣੇ ਮਾਪਿਆਂ ਤੋਂ ਮਿਲਦੇ ਹਨ। ਇਸ ਲਈ ਉਹੋ ਚੀਜ਼ ਕਿਸੇ ਲਈ ਅੰਮ੍ਰਿਤ ਤੇ ਕਿਸੇ ਲਈ ਜ਼ਹਿਰ ਸਾਬਤ ਹੋ ਸਕਦੀ ਹੈ।

"ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇੰਵ ਕਰ।" ਇਸ ਪ੍ਰਮਾਤਮਾ ਦੀ ਸ੍ਰਿਸ਼ਟੀ ਵਿਚ ਕਿੰਨਾ ਹੀ ਕੋਈ ਜ਼ੋਰ ਲਾਏ, ਪੂਰੀ ਸਮਝ ਤਾਂ ਪੈਂਦੀ ਨਹੀਂ । ਜੇ ਹਰ ਇਕ ਨੂੰ ਪੂਰੀ ਸਮਝ ਆ ਜਾਵੇ ਤਾਂ ਸ੍ਰਿਸ਼ਟੀ ਦੀ ਲੋੜ ਹੀ ਨਹੀਂ ਰਹਿੰਦੀ;ਕਿਉਂਕਿ ਸੁਰਤ ਜਾਂ ਅਕਲ ਦਾ ਵਿਕਾਸ ਹੀ ਇਸ ਸ੍ਰਿਸ਼ਟੀ ਦਾ ਮਨੋਰਥ ਹੈ।

## ਸੂਰਾ ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ੧. ਸ: ਸੁਰਿੰਦਰ ਸਿੰਘ ਜੀ, ਨਵਯੋਤ ਫ਼ਾਰਮ, ਕੋਟਾ (ਰਾਜਿਸਥਾਨ) | ੭-੦੦ |
| ੨. ਸ: ਸੁਰਜੀਤ ਸਿੰਘ ਜੀ, ਗੁੜਗਾਉਂ | ੫-੦੦ |
| ੩. ਸ: ਕਿਰਪਾਲ ਸਿੰਘ ਜੀ ਦਿੱਲੀ ਵਲੋਂ ਆਪਣੀ ਮਾਤਾ ਸ਼ਾਂਤ ਕੌਰ ਦੀ ਪਿਆਰੀ ਯਾਦ ਵਿਚ | ੧੧-੦੦ |
| ੪. ਭਾਈ ਅਵਤਾਰ ਸਿੰਘ ਜੀ ਰੰਗ ਵਾਲੇ, ਅੰਮ੍ਰਿਤਸਰ ਵਲੋਂ ਭੁਜੰਗੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿਚ | ੫-੦੦ |
| ੫. ਪ੍ਰੋ: ਲਖਦੇਵ ਸਿੰਘ ਜੀ, ਪੌਲੀਟੈਕਨਿਕ ਕਾਲਜ, ਹੁਸ਼ਿਆਰਪੁਰ | ੧੦੦-੦੦ |
| ੬. ਅਖੰਡ ਕੀਰਤਨੀ ਜੱਥਾ,Gravesend, Kent, England ਤੋਂ, ਰਾਹੀਂ ਸ: ਰਾਮ ਸਿੰਘ ਹਰਬੰਸ ਸਿੰਘ Gravesend (U.K.) | ੫੧੩-੦੦ |

'ਸੂਰਾ' ਪੱਤਰ ਦੇ ਪਰਬੰਧਕ ਉਪਰੋਕਤ ਸੁਸਾਇਟੀ ਅਤੇ ਗੁਰਸਿਖ ਵੀਰਾਂ ਦੇ ਹਾਰਦਿਕ ਧੰਨਵਾਦੀ ਹਨ, ਜੋ ਪਰਚੇ ਨੂੰ ਸਹਾਇਤਾ ਭੇਜ ਕੇ ਸਰਪ੍ਰਸਤੀ ਕਰ ਰਹੇ ਹਨ। ਸਤਿਗੁਰੂ ਚੜ੍ਹਦੀਆਂ ਕਲਾਂ,ਗੁਰਸਿਖੀ ਸਿਦਕ ਤੇ ਨਾਮ ਦਾਨ ਬਖ਼ਸ਼ਣ।



www.AKJ.Org

ਪੁਸਤਕ ਵਾਕਫ਼ੀ–

# ਹੰਸਾ ਹੀਰਾ ਮੋਤੀ ਚੁਗਣਾ

ਉਪਰੋਕਤ ਨਾਂ ਦੀ ੮੦ ਸਫ਼ੇ ਦੀ ਪੁਸਤਕ ਸਾਡੇ ਪਾਸ ਪੁੱਜੀ ਹੈ। ਇਹ ਪੁਸਤਕ ਸਰਦਾਰ ਸੰਤੋਖ ਸਿੰਘ, ਜਿਨ੍ਹਾਂ ਦੇ ਵਿਚਾਰ 'ਸੂਰਾ' ਦੇ ਪਾਠਕ ਪਹਿਲੋਂ ਵੀ ਪੜ੍ਹ ਚੁਕੇ ਹਨ, ਨੇ ਸ: ਗੁਰਦੇਵ ਸਿੰਘ ਹੁਰਾਂ ਨਾਲ ਮਿਲ ਕੇ ਲਿਖੀ ਹੈ। ਪੁਸਤਕ ਦਾ ਵਿਸ਼ਾ ਹੈ ਕਿ ਮਾਸ ਮਾਨਵੀ ਖ਼ੁਰਾਕ ਨਹੀਂ। ਪੁਸਤਕ ਨੂੰ ਹੇਠ ਲਿਖਿਆਂ ਭਾਗਾਂ ਵਿਚ ਵੰਡਿਆ ਹੈ :–


੧. ਭੋਜਨ ਦਾ ਮਨ ਨਾਲ ਸੰਬੰਧ (੧-੧੬)
੨. ਗੁਰਬਾਣੀ ਤੇ ਮਾਸਾਹਾਰ (੧੭-੪੨)
੩. ਇਤਿਹਾਸਕ ਅਥਵਾ ਦਾਰਸ਼ਨਿਕ ਪ੍ਰਮਾਣ (੫੩-੫੦)
੪. ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਕਾਰ (੫੧-੫੮)


ਉਪ੍ਰੰਤ ਪੰਜ ਸਫ਼ਿਆਂ ਵਿਚ ਪ੍ਰਿੰਸੀਪਲ ਨਿਰੰਜਨ ਸਿੰਘ ਗ਼ ਲੇਖ "ਇਨਸਾਨ ਦੀ ਖ਼ੁਰਾਕ" ਦਿਤਾ ਗਿਆ ਹੈ। ਅੰਤ ਵਿਚ ਅੰਤਿਕਾ ਹੈ। ਇਸ ਨੂੰ ਨੌਂ ਭਾਗਾਂ ਵਿਚ ਵੰਡਿਆ ਹੈ ਜਿਸ ਵਿਚ ਗੀਤਾ, ਮਨੂੰ ਸਿਮ੍ਰਤੀ, ਲੰਕਾਵਤਾਰ (ਬੁੱਧ ਧਰਮ ਦਾ ਇਕ ਮਹਾਨ ਗ੍ਰੰਥ), ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ, ਤੇ ਹੁਕਮਨਾਮਿਆਂ ਤੋਂ ਬਿਨਾਂ ਕੁਝ ਪੁਰਾਤਨ ਤੇ ਨਵੀਨ ਸਮੇਂ ਦੇ ਕੁਝ ਮਹਾਂਪੁਰਸ਼ਾਂ ਦੇ ਮਾਸਾਹਾਰ ਦੇ ਖੰਡਨ ਸੰਬੰਧੀ ਹਵਾਲੇ ਪੇਸ਼ ਕੀਤੇ ਹਨ।

ਸਮੁੱਚੇ ਤੌਰ ਤੇ ਪੁਸਤਕ ਕਥਤ ਵਿਸ਼ੇ ਬਾਰੇ ਇਕ ਕਾਮਯਾਬ ਜਤਨ ਹੈ। ਪੁਸਤਕ ਦੇ ਨਾਂ 'ਹੰਸਾ ਹੀਰਾ ਮੋਤੀ ਚੁਗਣਾ' ਵਿਚੋਂ ਇਸ ਅੰਦਰਲੇ ਵਿਸ਼ੇ ਦੀ ਸੰਭਾਵਨਾ ਕਿਆਸੀ ਨਹੀਂ ਜਾ ਸਕਦੀ। ਇਹ ਨਾਂ ਗੁਰਬਾਣੀ ਦੀ ਇਕ ਤੁਕ ਦਾ ਪਹਿਲਾ ਭਾਗ ਹੈ, ਜਿਸਦਾ ਪਿਛਲਾ ਹਿੱਸਾ ਹੈ "ਬਗੁ ਡਡਾ ਭਾਲਣਿ ਜਾਵੈ।" 'ਹੰਸ' ਕੌਣ ਹਨ ਤੇ ਉਨ੍ਹਾਂ ਦੀ ਖ਼ੁਰਾਕ ਕੀ ਹੈ? ਇਸਦਾ ਨਿਰਣਾ ਗੁਰਮਤਿ ਅਨੁਸਾਰ ਇਨ੍ਹਾਂ ਤੁਕਾਂ ਵਿਚੋਂ ਹੋ ਸਕਦਾ ਹੈ :–

"ਗੁਰੂ ਸਰਵਰੁ ਹਮ ਹੰਸ ਪਿਆਰੇ ॥ ਸਰਵਰ ਮਹਿ ਰਤਨ ਲਾਲ ਬਹੁ ਸਾਰੇ ॥ ਮਾਣਕ ਮੋਤੀ ਹੀਰਾ ਹਰਿ ਜਸੁ, ਗਾਵਤ ਮਨੁ ਤਨੁ ਭੀਨਾ ਹੇ ॥"

ਗੁਰਬਾਣੀ ਰੂਪੀ ਹਰਿ ਜਸੁ ਅਥਵਾ ਗੁਰਮਤਿ ਨਾਮ ਦੇ ਚੁਗਣਹਾਰ ਤੇ ਭੁੰਚਣਹਾਰ ਅਸਲ ਹੰਸ ਹਨ। ਹੋਰ ਕੇਵਲ ਮਾਸ ਦਾ ਤਿਆਗ ਹੀ 'ਹੰਸ' ਦੀ ਪਦਵੀ ਨਹੀਂ ਦਿਵਾ ਸਕਦਾ। 'ਕੀ ਮਾਸ ਮਾਨਵੀ ਖ਼ੁਰਾਕ ਹੈ?' ਜਾਂ ਹੋਰ ਕੋਈ ਫਬਦਾ ਢੁਕਦਾ ਸਿਰਲੇਖ ਚੁਣਿਆ ਜਾ ਸਕਦਾ ਸੀ।

ਪਹਿਲੇ ਭਾਗ ਵਿਚ ਦੱਸਿਆ ਹੈ ਕਿ ਕੀ ਹਿੰਦੂ, ਕੀ ਇਸਲਾਮ ਤੇ ਕੀ ਈਸਾਈ ਸਭ ਧਰਮਾਂ ਦੇ ਸਭ ਸੰਤਾਂ ਭਗਤਾਂ ਨੇ ਜੀਆਂ ਉਤੇ ਦਇਆ ਕਰਨ ਅਤੇ ਜ਼ਬਾਨ ਦੇ ਚਸਕੇ ਖ਼ਾਤਰ ਬੇਜ਼ਬਾਨਾਂ ਦੀ ਹਤਿਆ ਨਾ ਕਰਨ ਦਾ ਉਪਦੇਸ਼ ਦਿਤਾ ਹੈ।

ਦੂਜੇ ਭਾਗ ਵਿਚ ਜਿਹਾ ਕਿ ਸਿਰਲੇਖ ਤੋਂ ਪਰਗਟ ਹੈ, ਗੁਰਬਾਣੀ ਦੇ ਪ੍ਰਮਾਣ ਦੇ ਕੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਮਾਸਾਹਾਰ ਕਰਨਾ ਯੋਗ ਨਹੀਂ। ਗੁਰਬਾਣੀ ਸਰਬ ਜੀਆਂ ਤੇ ਦਇਆ ਕਰਨੀ ਸਿਖਾਂਦੀ ਹੈ; ਸਭ ਵਿਚ ਅਕਾਲ ਪੁਰਖ ਦੀ ਜੋਤ ਕੰਮ ਕਰ ਰਹੀ ਹੈ, ਸਾਰੀਆਂ ਜੂਨਾਂ ਦੇ ਸਰਦਾਰ ਮਨੁੱਖ ਨੂੰ ਆਪਣਾ ਆਹਾਰ ਚੁਣਨ ਵਿਚ ਵਿਚਾਰ ਤੋਂ ਕੰਮ ਲੈਣਾ ਚਾਹੀਦਾ ਹੈ।

ਤੀਜੇ ਭਾਗ ਦੇ ਸਾਰੇ ਪਰਮਾਣਾਂ ਦਾ ਆਧਾਰ ਗੁਰਬਾਣੀ, ਜਨਮ-ਸਾਖੀਆਂ, ਹੁਕਮਨਾਮਿਆਂ ਤੋਂ ਇਲਾਵਾ 'ਨਾਨਕ ਪ੍ਰਕਾਸ਼' ਤੇ 'ਦਬਸਤਾਨਿ ਮਜ਼ਾਹਿਬ' ਦੀਆਂ ਲਿਖਤਾਂ ਦੇ ਹਵਾਲੇ ਹਨ।

ਚੌਥੇ ਭਾਗ ਵਿਚ ਇਹ ਸਿੱਧ ਕੀਤਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਸਨ ਤੇ ਉਹ ਸ਼ਿਕਾਰ ਖੇਡ ਕੇ ਜੀਵਾਂ ਦਾ ਉਧਾਰ ਕਰਦੇ ਸਨ, ਕਿਉਂਕਿ

"ਬ੍ਰਹਮ ਗਿਆਨੀ ਕੀ ਸਭ ਊਪਰ ਮਇਆ ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨਾ ਭਇਆ ॥"

ਅਸੀਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਚ ਫਸੇ ਅਲਪਗ ਜੀਵ ਸਤਿਗੁਰੂ ਦੀ ਕਰਣੀ ਨੂੰ ਨਹੀਂ ਪਹੁੰਚ ਸਕਦੇ। ਸਾਨੂੰ ਗੁਰੂ ਦੀ ਰੀਸ ਨਹੀਂ ਕਰਨੀ ਚਾਹੀਦੀ। ਇਸ ਲਈ ਦਸਮੇਸ਼ ਜੀ ਦਾ ਸ਼ਿਕਾਰ ਖੇਡਣਾ ਕਦਾਚਿਤ ਮਾਸ ਖਾਣ ਦਾ ਪ੍ਰੇਰਕ ਨਹੀਂ ਹੈ। ਸਗੋਂ–"ਗੁਰ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥

ਪੁਸਤਕ ਦੇ ਮੁਖ ਸ਼ਬਦਾਂ ਵਿਚ ਸ: ਕਿਰਪਾਲ ਸਿੰਘ ਨਾਰੰਗ, ਨੇ ਲੇਖਕਾਂ ਦੇ ਪੱਖ ਦੀ ਪੁਸ਼ਟੀ ਕਰਦਿਆਂ ਹੋਇਆਂ ਆਪਣੇ ਆਪ ਨੂੰ ਲੇਖਕਾਂ ਵਿਚ ਹੀ ਮਿਲਾਇਆ ਹੈ।

ਪੁਸਤਕ ਵਿਚ ਕਈ ਥਾਈਂ ਕਈ ਵਿਚਾਰ ਸਪੱਸ਼ਟ ਤੇ ਦ੍ਰਿੜ੍ਹ ਨਹੀਂ ਹਨ; ਅਗਲੀ ਐਡੀਸ਼ਨ ਵਿਚ ਉਨ੍ਹਾਂ ਨੂੰ ਸੋਧ ਕੇ ਛਾਪਣਾ ਚਾਹੀਦਾ ਹੈ।

ਪੁਸਤਕ ਸੰਬੰਧੀ ਸਭ ਤੋਂ ਵਿਸ਼ੇਸ਼ ਗੁਣ ਵਾਲੀ ਇਹ ਗੱਲ ਹੈ ਕਿ ਕਿਸੇ ਜੱਥੇਬੰਦੀ ਨਾਲ ਸੰਬੰਧਤ ਨਾ ਹੁੰਦੇ ਹੋਏ, ਲੇਖਕਾਂ ਨੇ ਆਪਣੀ ਅਜ਼ਾਦ ਰਾਇ ਅਤੇ ਖੋਜ ਦੇ ਅਧਾਰ ਤੇ ਆਪਣੇ ਪੱਖ ਨੂੰ ਉਜਾਗਰ ਕੀਤਾ ਹੈ।

—ਐਡੀਟਰ

www.AKJ.Org

# 'ਹੰਸਾ ਹੀਰਾ ਮੋਤੀ ਚੁਗਣਾ' ਬਾਰੇ 'ਦੋ ਸ਼ਬਦ'

[ ਸ: ਕਿਰਪਾਲ ਸਿੰਘ ਜੀ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ]

ਜਿਸ ਮਨੁੱਖ ਨੇ ਅਕਾਲ ਪੁਰਖ ਦੀ ਪ੍ਰਾਪਤੀ ਆਪਣਾ ਜੀਵਨ ਆਦਰਸ਼ ਬਣਾਇਆ ਹੋਵੇ, ਜਿਹੜਾ ਇਸ ਆਦਰਸ਼ ਨੂੰ ਹੀ ਧਰਮ ਸਮਝੇ, ਕੀ ਉਸ ਮਨੁੱਖ ਲਈ ਮਾਸ ਖਾਣ ਅਤੇ ਸ਼ਰਾਬ ਪੀਣ ਤੋਂ ਪਰਹੇਜ਼ ਕਰਨਾ ਜ਼ਰੂਰੀ ਹੈ ? ਇਹ ਇਕ ਵਿਚਾਰ ਕਈ ਵਰ੍ਹਿਆਂ ਤੋਂ ਮੇਰੇ ਖ਼ਿਆਲਾਂ ਵਿਚ ਚੱਕਰ ਖਾਂਦਾ ਰਿਹਾ ਹੈ। ਇਸ ਵਿਸ਼ੇ ਦੇ ਵੱਖ ਵੱਖ ਪੱਖਾਂ ਉਤੇ ਵਿਦਵਾਨ ਆਗੂ, ਆਪਣੀ ਬੁੱਧੀ ਅਨੁਸਾਰ, ਆਪਣੇ-ਆਪਣੇ ਮਤ ਪੇਸ਼ ਕਰਦੇ ਰਹੇ ਹਨ। ਇਸ ਪੱਖ ਤੋਂ ਮੈਂ ਕਈ ਪੁਰਾਤਨ ਧਰਮ ਗ੍ਰੰਥ, ਭਗਤ-ਬਾਣੀ ਅਤੇ ਗੁਰੂ-ਬਾਣੀ ਪੜ੍ਹੀ ਤੇ ਘੋਖੀ ਹੈ। ਮੈਂ ਅਨੁਭਵ ਕੀਤਾ ਹੈ ਕਿ ਸੰਸਾਰ ਵਿਚ ਅਜਿਹੇ ਲੋਕਾਂ ਦੀ ਭਰਮਾਰ ਹੈ ਜਿਹੜੇ ਇਸ 'ਰਚਨਾ' ਦਾ ਆਪਣੀ ਮਨ-ਮਰਜ਼ੀ ਅਨੁਸਾਰ ਵੱਧ ਤੋਂ ਵੱਧ ਭੋਗ ਕਰਨਾ ਹੀ ਇਸ ਜੀਵਨ ਦਾ ਮਕਸਦ ਸਮਝਦੇ ਹਨ। ਉਹ ਇਸ ਪਸਾਰੇ ਵਿਚ ਪੂਰੀ ਤਰ੍ਹਾਂ ਉਲਝੇ ਹੋਏ ਹਨ। ਉਨ੍ਹਾਂ ਅੰਦਰ ਨਾ ਤਾਂ ਮਾਲਕ ਦੇ ਮਿਲਣ ਦੀ ਤੜਪ ਹੈ ਅਤੇ ਨਾ ਹੀ ਉਹ ਇਸ ਦੀ ਲੋੜ ਸਮਝਦੇ ਹਨ। ਜਿਨ੍ਹਾਂ ਦਾ ਮਕਸਦ ਹੀ ਇਸ ਰਚਨਾ ਦਾ ਭੋਗ ਹੈ, ਉਹ ਜੋ ਮਰਜ਼ੀ ਖਾਣ ਪੀਣ। ਪਰ ਉਹ ਸੱਜਨ ਪੁਰਸ਼, ਜਿਨ੍ਹਾਂ ਦੇ ਅੰਦਰ ਮਾਲਕ ਦਾ ਪਿਆਰ ਹੈ, ਮਾਲਕ ਦੇ ਮਿਲਣ ਦੀ ਤੜਪ ਹੈ, ਜਿਨ੍ਹਾਂ ਵਾਸਤੇ ਧਰਮ ਸਿਰਫ਼ ਵਿਖਾਵਾ ਨਹੀਂ, ਅਜਿਹੇ ਲੋਕਾਂ ਲਈ ਮਾਸ ਖਾਣਾ ਤਾਂ ਕੀ, ਇੰਦ੍ਰੀਆਂ ਨੂੰ ਪ੍ਰਬਲ ਕਰਨ ਤੇ ਮਨ ਨੂੰ ਇੰਦ੍ਰੀਆਂ ਵਲ ਖਿੱਚਣ ਵਿਚ ਮਦਦ ਕਰਨ ਵਾਲੀ ਹਰ ਚੀਜ਼ ਦਾ ਤਿਆਗਣਾ ਜ਼ਰੂਰੀ ਹੈ। ਮਾਸ, ਮੱਛੀ, ਅੰਡਾ ਤੇ ਸ਼ਰਾਬ ਆਦਿ ਇਸ ਕਿਸਮ ਦੀਆਂ ਵਸਤਾਂ ਹਨ।

ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ਸਤਾਰ੍ਹਵੀਂ ਤੇ ਅਠਾਰ੍ਹਵੀਂ ਪੌੜੀ ਵਿਚ ਇਹਨਾਂ ਦੋਹਾਂ ਕਿਸਮਾਂ ਦੀਆਂ ਬ੍ਰਿਤੀਆਂ ਵਾਲੇ ਮਨੁੱਖਾਂ ਦਾ ਜ਼ਿਕਰ ਇਨ੍ਹਾਂ ਅਰਥਾਂ ਵਿਚ ਕੀਤਾ ਹੈ : "ਇਕ ਅਜਿਹੀ ਬ੍ਰਿਤੀ ਵਾਲੇ ਇਨਸਾਨ ਹਨ ਜਿਹੜੇ ਦੁਨੀਆ ਦੀਆਂ ਲਜ਼ਤਾਂ ਵਿਚ ਲੀਨ ਹਨ। ਅਜੇ ਉਹ ਪਰਮਾਰਥ ਜੀਵਨ ਵਿਚ ਵਿਚਰਨਾ ਨਹੀਂ ਚਾਹੁੰਦੇ। ਅਗਿਆਨਤਾ ਤੇ ਮਨਮੁੱਖਤਾ ਕਰਕੇ ਦੁਨੀਆ ਦੀ ਅਸਲੀਅਤ ਨੂੰ ਸਮਝੇ ਬਿਨਾਂ ਜ਼ਿੰਦਗੀ ਬਿਤਾ ਰਹੇ ਹਨ।" ਅਠਾਰ੍ਹਵੀਂ ਪਉੜੀ ਵਿਚ ਆਪ ਲਿਖਦੇ ਹਨ :

ਅਸੰਖ ਮੂਰਖ ਅੰਧਘੋਰ ॥
ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥
**ਅਸੰਖ ਗਲ ਵਢ ਹਤਿਆ ਕਮਾਹਿ ॥**
**ਅਸੰਖ ਪਾਪੀ ਪਾਪੁ ਕਰਿ ਜਾਹਿ ॥**
**ਅਸੰਖ ਕੂੜਿਆਰ ਕੂੜੇ ਫਿਰਾਹਿ ॥**
**ਅਸੰਖ ਮਲੇਛ ਮਲੁ ਭਖਿ ਖਾਹਿ ॥** (ਪੰਨਾ ੪)*

ਦੂਜੇ ਸਤਾਰ੍ਹਵੀਂ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਉਨ੍ਹਾਂ ਇਨਸਾਨਾਂ ਦਾ ਜ਼ਿਕਰ ਕਰਦੇ ਹਨ ਜਿਹੜੇ ਜਪ, ਤਪ ਗਿਆਨ ਵਿਚਾਰ ਦੀ ਜ਼ਿੰਦਗੀ ਗੁਜ਼ਾਰਦੇ ਹਨ ਤੇ ਰੱਬ ਵਿ ਲਿਵਲੀਨ ਹਨ।

'ਜਪੁ' ਦੀਆਂ ਇਨ੍ਹਾਂ ਪਉੜੀਆਂ ਤੋਂ ਸਪੱਸ਼ਟ ਹੈ ਕਿ ਮਾਸ ਖਾਣ ਵਾਲਿਆਂ ਨੂੰ ਗੁਰੂ ਨਾਨਕ ਸਾਹਿਬ ਨੇ ਕਿਸ ਸ਼੍ਰੇਣੀ ਵਿਚ ਰਖਿਆ ਹੈ।

ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਇਸ ਗੱਲ ਨੂੰ ਇਕ ਹੋਰ ਦ੍ਰਿਸ਼ਟਾਂਤ ਦੇ ਕੇ ਸਪੱਸ਼ਟ ਕਰਦੇ ਹਨ। ਉਹ ਪ੍ਰਮਾਤਮਾ ਨਾਲ ਸੱਚਾ ਪਿਆਰ ਕਰਨ ਵਾਲਿਆਂ ਨੂੰ ਸਿਖ ਜਾਂ ਹੰਸ ਨਾਲ ਮੁਸ਼ਾਹਬਤ ਦੇਂਦੇ ਹਨ। ਦਿਖਾਵੇ ਦੇ ਧਾਰਮਕ ਆਦਮੀਆਂ ਨੂੰ ਮਨਮੁੱਖ ਜਾਂ ਬਗਲੇ ਭਗਤ ਕਹਿ ਕੇ ਦਰਸਾਂਦੇ ਹਨ। ਹੰਸਾਂ ਤੇ ਬਗਲਿਆਂ ਦੀ ਖ਼ੁਰਾਕ ਇਕੋ ਨਹੀਂ। ਹੰਸਾਂ ਦੀ ਖ਼ੁਰਾਕ ਮੋਤੀ ਹੈ ਤੇ ਬਗਲਿਆਂ ਦੀ ਮੱਛੀ ਤੇ ਡੱਡੂ। ਆਪ ਫ਼ੁਰਮਾਉਂਦੇ ਹਨ : ਹੰਸਾ ਹੀਰਾ ਮੋਤੀ ਚੁਗਣਾ
ਬਗੁ ਡਡਾ ਭਾਲਣ ਜਾਵੈ ॥ (੯੬੦)

ਆਮ ਲੋਕ ਮਾਸ ਖਾਣ ਬਾਰੇ ਇਕ ਵੱਡੀ ਦਲੀਲ ਇਹ ਪੇਸ਼ ਕਰਦੇ ਹਨ ਕਿ ਮਾਸ ਤਾਂ ਸਾਰੀ ਦੁਨੀਆ ਖਾਂਦੀ ਹੈ। ਕੀ ਉਹ ਸਾਰੇ ਹੀ ਪਾਪਾਂ ਦੇ ਅਧਿਕਾਰੀ ਹੋਣਗੇ ? ਕੀ ਮਾਸ ਖਾਣ ਕਰਕੇ ਉਹ ਘਟੀਆ ਕਿਸਮ ਦੇ ਆਦਮੀ ਹਨ ? ਇਸ

*ਇਸ ਲੇਖ ਵਿਚ ਜੋ ਸ੍ਰੀ ਆਦਿ ਗ੍ਰੰਥ ਦੇ ਪੰਨੇ ਦਿੱਤੇ ਗਏ ਹਨ, ਉਹ ੧੪੩੦ ਪੰਨੇ ਵਾਲੇ ਛਪੇ ਹੋਏ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਵਿਚੋਂ ਲਏ ਗਏ ਹਨ।



www.AKJ.Org

ਬਾਰੇ ਮੇਰਾ ਖ਼ਿਆਲ ਹੈ ਕਿ ਸਿਰਫ਼ ਬਹੁ-ਗਿਣਤੀ ਦਾ ਹੋਣਾ ਆਪਣੇ ਆਪ ਵਿਚ ਕੋਈ ਦਲੀਲ ਨਹੀਂ। ਗੁਰਬਾਣੀ ਵਿਚ ਕਈ ਵਾਰੀ ਆਇਆ ਹੈ ਕਿ ਦੁਨੀਆ ਵਿਚ ਗੁਰਮੁਖ ਜਾਂ ਸੱਚਾ ਸਿਦਕੀ ਸਿੱਖ ਤਾਂ ਕਰੋੜਾਂ ਵਿਚ ਕੋਈ ਇਕ ਨਿਕਲਦਾ ਹੈ (ਕੋਟਨ ਮਹਿ ਨਾਨਕ ਕੋਊ)। ਇਹ ਕਹਿ ਦੇਣਾ ਕਿ ਕਰੋੜਾਂ ਆਦਮੀ ਮਾਸ ਖਾਂਦੇ ਹਨ, ਸਿਦਕੀ ਸਿੱਖ ਜਾਂ ਸਾਧਕ ਦੇ ਰਸਤੇ ਨੂੰ ਗਲਤ ਸਾਬਤ ਨਹੀਂ ਕਰਦਾ। ਇਸ ਚੀਜ਼ ਤੋਂ ਸ਼ਾਇਦ ਇਕ ਗ਼ਲਤ ਅਰਥ ਵੀ ਕੱਢਿਆ ਜਾ ਸਕਦਾ ਹੈ। ਜੇਕਰ ਇਕ ਇਨਸਾਨ ਇਹ ਸਮਝੇ ਕਿ ਉਸ ਨੇ ਮਾਸ ਖਾਣਾ ਛੱਡ ਦਿਤਾ ਹੈ ਅਤੇ ਇਸ ਲਈ ਉਹ ਚੰਗਾ ਜਾਂ ਗੁਰਮੁਖ ਹੋ ਗਿਆ ਹੈ ਤਾਂ ਇਹ ਬੜੀ ਭੁੱਲ ਹੈ। ਉਹ ਸੱਜਨ ਜਿਨ੍ਹਾਂ ਵਿਚ ਰੱਬ ਦਾ ਸੱਚਾ ਪਿਆਰ ਹੈ, ਉਹ ਹੰਸ ਹਨ। ਇਸੇ ਲਈ ਉਹ ਮਾਸ ਦੇ ਆਹਾਰ ਤੋਂ ਜ਼ਰੂਰ ਗੁਰੇਜ਼ ਕਰਨਗੇ।

ਕੋਈ ਇਨਸਾਨ ਧਰਮ ਦੇ ਮਾਰਗ ਤੇ ਉਸ ਵੇਲੇ ਤਕ ਚਲ ਹੀ ਨਹੀਂ ਸਕਦਾ, ਜਿੰਨਾ ਚਿਰ ਉਸ ਦੇ ਹਿਰਦੇ ਵਿਚ 'ਦਇਆ' ਨਾ ਹੋਵੇ। ਉਸ ਦੀ ਤਾਂ ਹਰ ਜੀਵ ਨਾਲ ਸਾਂਝ ਹੁੰਦੀ ਹੈ। 'ਦਇਆ' ਧਰਮ ਦਾ ਮੂਲ ਹੈ। ਬਿਨ ਦਇਆ ਹਿਰਦੇ (ਜਿਸ ਵਿਚ ਰੱਬ ਵੱਸਦਾ ਹੈ) ਵਿਚ ਰੱਬ ਦੀ ਹੋਂਦ ਦਾ ਅਨੁਭਵ ਹੋ ਹੀ ਨਹੀਂ ਸਕਦਾ। ਕਬੀਰ ਸਾਹਿਬ ਫ਼ੁਰਮਾਉਂਦੇ ਹਨ:

ਦਇਆ ਦਿਲ ਮਹਿ ਰਾਖੀਐ, ਨਿਰਦਈ ਕਭੀ ਨ ਹੋਇ,
ਸਾਂਈ ਕੇ ਸਭ ਜੀਵ ਹੈ, ਕੀਡੀ ਕੁ ਪਰ ਹੋਇ॥*

ਜਪੁਜੀ ਵਿਚ ਆਇਆ ਹੈ 'ਧੌਲ ਧਰਮ ਦਇਆ ਕਾ ਪੂਤ'। ਰਾਗ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਲਿਖਦੇ ਹਨ 'ਜੇਤੇ ਜੀਅ ਤੇਤੇ ਸਭ ਤੇਰੇ'। ਗੁਰੂ ਅਰਜਨ ਦੇਵ ਜੀ ਗਉੜੀ ਬਾਵਨ ਅਖਰੀ (ਪੰ: ੨੫੨) ਵਿਚ ਫ਼ੁਰਮਾਉਂਦੇ ਹਨ; "ਕੀਟ ਹਸਤਿ ਮਹਿ ਪੂਰ ਸਮਾਨੇ"। ਫਿਰ ਗੁਰਬਾਣੀ ਸਪੱਸ਼ਟ ਸ਼ਬਦਾਂ ਵਿਚ ਆਖਦੀ ਹੈ "ਹਿੰਸਾ ਮਮਤਾ ਮੋਹ ਚੁਕਾਵੈ" (ਪੰ: ੯੪੦) ਅਤੇ "ਹਿੰਸਾ ਤਉ ਮਨ ਤੇ ਨਹੀ ਛੁਟੀ, ਜੀਅ ਦਇਆ ਨਹੀਂ ਪਾਲੀ"।

ਜਦ ਪ੍ਰਮਾਤਮਾ ਹਰ ਜੀਵ ਵਿਚ ਹੈ ਤੇ ਹਿੰਸਾ ਦੀ ਮਨਾਹੀ ਹੈ, ਜੀਅ ਦਇਆ ਪ੍ਰਮਾਤਮਾ ਭਗਤੀ ਵਾਸਤੇ ਜ਼ਰੂਰੀ ਹੈ, ਤਾਂ ਇਹ ਸਮਝ ਵਿਚ ਨਹੀਂ ਆਉਂਦਾ ਕਿ ਕੋਈ ਬਿਬੇਕ ਬੁੱਧੀ ਵਾਲਾ ਜੀਵ ਹੱਤਿਆ ਕਰਨ ਨੂੰ ਗੁਰਸਿੱਖੀ ਦੇ ਅਨੁਕੂਲ ਕਿਵੇਂ ਸਮਝਦਾ ਹੈ। ਕਬੀਰ ਸਾਹਿਬ ਫ਼ੁਰਮਾਉਂਦੇ ਹਨ "ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ। **ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ।"** (ਪੰ: ੧੩੫੦)

ਕਬੀਰ ਸਾਹਿਬ ਜੀ ਦੀ ਉਹ ਬਾਣੀ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਅੰਗ ਹੈ ਤੇ ਜੋ ਗੁਰੂ ਰੂਪ ਹੈ, ਬੜੇ ਸਪਸ਼ਟ ਸ਼ਬਦਾਂ ਵਿਚ ਮਾਸ, ਮੱਛੀ ਤੇ ਸ਼ਰਾਬ ਦੀ ਮਨਾਹੀ ਕਰਦੀ ਹੈ: **ਕਬੀਰ ਭਾਂਗ ਮਾਛੁਲੀ ਸੁਰਾਪਾਨਿ,**
**ਜੋ ਜੋ ਪ੍ਰਾਨੀ ਖਾਂਹਿ।**
**ਤੀਰਥ ਬਰਤ ਨੇਮ ਕੀਏ**
**ਤੇ ਸਭੈ ਰਸਾਤਲਿ ਜਾਂਹਿ।** (੧੩੭੭)

ਫਿਰ ਹੋਰ ਜਗ੍ਹਾ ਆਪ ਫ਼ੁਰਮਾਉਂਦੇ ਹਨ:

ਸਰਜੀਉ ਕਾਟਹਿ. ਨਿਰਜੀਉ ਪੂਜਹਿ
ਅੰਤ ਕਾਲ ਕਉ ਭਾਰੀ॥ (੩੩੨)
ਕਬੀਰ ਜੀਅ ਜੁ ਮਾਰਹਿ ਜੋਰੁ ਕਰਿ
ਕਹਤੇ ਹਹਿ ਜੁ ਹਲਾਲੁ॥
ਦਫਤਰੁ ਦਈ ਜਬ ਕਾਢਿ ਹੈ,
ਹੋਇਗਾ ਕਉਨੁ ਹਵਾਲੁ॥ (੧੩੭੫)

ਫਿਰ ਕਹਿੰਦੇ ਹਨ:

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ (੧੩੭੪)

ਗੁਰਬਾਣੀ ਵਿਚ ਕਈ ਅਜਿਹੀਆਂ ਤੁਕਾਂ ਹਨ ਜਿਨ੍ਹਾਂ ਨੂੰ ਅਡਰਾ ਕਰ ਕੇ ਜਾਂ ਨਿਖੇੜ ਕੇ ਕਈ ਸਿਆਣਿਆਂ ਨੇ ਆਪਣੀ ਮਨ ਮਰਜ਼ੀ ਦੇ ਅਰਥ ਦੇਣ ਦਾ ਯਤਨ ਕੀਤਾ ਹੈ। ਉਹ ਦਲੀਲ ਦੇਂਦੇ ਹਨ ਕਿ ਗੁਰਬਾਣੀ ਮਾਸ ਖਾਣ ਦੀ ਆਗਿਆ ਦਿੰਦੀ ਹੈ, ਜਿਵੇਂ ਕਿ–

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ॥ (੫੨੨)

ਗੁਰਬਾਣੀ ਵਿਚ ਇਹ ਬੜੀ ਵੱਡੀ ਖ਼ੂਬੀ ਹੈ ਕਿ ਪੂਰਾ ਸ਼ਬਦ ਇਕ ਅਜਿਹੇ ਚੌਖਟੇ ਵਿਚ ਜੜਿਆ ਹੁੰਦਾ ਹੈ ਕਿ ਇਕ ਤੁਕ ਨੂੰ ਦੂਜੀ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਇਸ ਸਤਰ ਨੂੰ ਜੇ ਪਹਿਲੀ ਸਤਰ ਨਾਲ ਜੋੜਿਆ ਜਾਵੇ ਤਾਂ ਅਰਥ ਸਾਫ਼ ਹੋ ਜਾਂਦੇ ਹਨ। ਉਪਰਲੀ ਤੁਕ ਦੀ ਪਹਿਲੀ ਸਤਰ ਹੈ,"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।"

*ਇਹ ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀਂ। —ਐਡੀਟਰ



www.AKJ.Org

ਜੇ ਕੋਈ ਆਪਣੇ ਮਨ, ਇੰਦ੍ਰੀਆਂ ਦੀ ਭਟਕਣਾ ਤੇ ਤ੍ਰਿਸ਼ਨਾ ਛੱਡ, ਪੂਰੇ ਸਤਿਗੁਰ ਦੇ ਹੁਕਮ ਵਿਚ ਆ ਜਾਂਦਾ ਹੈ, ਉਸ ਨੂੰ ਦੁਨੀਆ ਛੱਡਣੀ ਨਹੀਂ ਪੈਂਦੀ। ਉਹ ਹੱਠ ਕਰਮਾਂ ਰਾਹੀਂ ਤੇ ਆਪਣੇ ਆਪ ਨੂੰ ਤਸੀਹੇ ਦੇ ਕੇ ਦੁਖੀ ਨਹੀਂ ਰੱਖਦਾ। ਗੁਰੂ ਦੇ ਭਾਣੇ ਵਿਚ ਰਹਿੰਦਾ, ਦੁਨੀਆ ਵਿਚ ਹੱਸਦਾ, ਖੇਡਦਾ, ਖਾਂਦਾ, ਪੀਂਦਾ ਉਹ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਸ਼ਬਦ ਤੋਂ ਕੋਈ ਬਿਬੇਕ ਬੁੱਧੀ ਵਾਲਾ ਇਹ ਅਰਥ ਨਹੀਂ ਕਢ ਸਕਦਾ ਕਿ ਗੁਰੂ ਸਾਹਿਬ ਨੇ ਹਰ ਚੀਜ਼ ਦੇ ਖਾਣ ਪੀਣ ਦੀ ਖੁਲ੍ਹ ਦਿੱਤੀ ਹੋਈ ਹੈ। ਜੇ ਇਹ ਹੁੰਦਾ ਤਾਂ ਗੁਰੂ ਸਾਹਿਬ ਕਬੀਰ ਦੇ ਹੇਠ ਦਿਤੇ ਸ਼ਬਦ ਨੂੰ ਕਦੀ ਵੀ ਗੁਰੂ ਗ੍ਰੰਥ ਵਿਚ ਦਰਜ ਨਾ ਕਰਦੇ :

ਕਬੀਰ ਭਾਂਗ ਮਾਛੁਲੀ, ਸੁਰਾਪਾਨ ਜੋ ਜੋ ਪ੍ਰਾਨੀ ਖਾਂਹਿ।
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥
(੧੩੭੭)

ਉਨ੍ਹਾਂ ਨੇ ਕਬੀਰ ਸਾਹਿਬ ਦੇ ਉਹੀ ਸ਼ਬਦ ਗੁਰੂ ਗ੍ਰੰਥ ਵਿਚ ਪਾਏ ਜੇਹੜੇ ਕਿ ਗੁਰੂ ਸਾਹਿਬਾਨ ਦੀ ਸਿਖਿਆ ਨਾਲ ਮੇਲ ਖਾਂਦੇ ਸਨ।

ਕਈ ਹੋਰ ਸ਼ਬਦ ਵੀ ਗੁਰਬਾਣੀ ਵਿਚ ਹਨ ਜਿਵੇਂ ਕਿ "ਪਹਿਲਾ ਮਾਸਹੁ ਨਿੰਮਿਆ". "ਮਾਸ ਮਾਸ ਕਰ ਮੂਰਖ ਝਗੜੇ" (੧੨੮੯-੯੦), ਜਿਨ੍ਹਾਂ ਨੂੰ ਕਈ ਸੱਜਨ, ਉਸ ਦੇ ਸਮੁੱਚੇ ਪ੍ਰਥਾਇ ਵਿਚੋਂ ਕੱਢ ਕੇ ਇਹ ਸਾਬਤ ਕਰਦੇ ਹਨ ਕਿ ਗੁਰਬਾਣੀ ਵਿਚ ਮਾਸ ਖਾਣ ਦੀ ਆਗਿਆ ਹੈ। ਆਦਿ ਗਰੰਥ ਦਾ ਫਰੀਦਕੋਟੀ ਟੀਕਾ ਵਿਦਵਾਨਾਂ ਅਤੇ ਬਹੁਤ ਉੱਚ-ਕੋਟੀ ਦੇ ਧਾਰਮਕ ਆਗੂਆਂ ਨੇ ਕੀਤਾ ਹੈ। ਉਹ ਟੀਕਾ ਇਹ ਚੀਜ਼ ਸਪੱਸ਼ਟ ਕਰਦਾ ਹੈ ਕਿ ਇਸ ਸ਼ਬਦ ਵਿਚ ਕਿਸੇ ਤਰ੍ਹਾਂ ਵੀ ਮਾਸ ਖਾਣ ਦੀ ਆਗਿਆ ਦੇਣ ਦਾ ਮਤਲਬ ਕੱਢਣਾ ਯੋਗ ਨਹੀਂ।

ਗੁਰੂ ਸਾਹਿਬਾਨ ਦੇ ਵੇਲੇ ਦੇ ਇਕ ਮੁਸਲਮਾਨ ਇਤਿਹਾਸ-ਕਾਰ ਨੇ ਆਪਣੀ ਫ਼ਾਰਸੀ ਰਚਨਾ "ਦਬਿਸਤਾਨਿ ਮਜ਼ਾਹਿਬ" ਵਿਚ ਸਪੱਸ਼ਟ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਇਕ ਖ਼ਾਸ ਹੁਕਮ ਕੱਢਣਾ ਪਿਆ ਕਿ "ਮਾਸ ਖਾਣਾ ਗੁਰੂ ਨਾਨਕ ਘਰ ਵਿਚ ਮਨ੍ਹਾ ਹੈ।"

ਇਸੇ ਤਰ੍ਹਾਂ ਛੇਵੀਂ ਪਾਤਸ਼ਾਹੀ ਦੇ ਹੁਕਮਨਾਮੇ, ਬੰਦਾ ਬਹਾਦਰ ਦੇ ਹੁਕਮਨਾਮੇ, ਜੇਹੜੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਮਿਲੇ ਹਨ, ਸੰਗਤ ਨੂੰ ਸਾਫ਼ ਹੁਕਮ ਦੇਂਦੇ ਸਨ ਕਿ "ਮਾਸ, ਮੱਛੀ ਦੇ ਨੇੜੇ ਨਹੀਂ ਜਾਣਾ।"

ਸਿਖ ਧਰਮ ਤੋਂ ਇਲਾਵਾ, ਹੋਰ ਵੀ ਸਾਰੇ ਧਾਰਮਕ ਆਗੂ ਹੱਤਿਆ ਤੇ ਮਾਸ-ਆਹਾਰ ਨੂੰ ਪਰਮਾਤਮਾ-ਪ੍ਰਾਪਤੀ ਵਿਚ ਇਕ ਵੱਡੀ ਰੁਕਾਵਟ ਗਿਣਦੇ ਹਨ। ਬੁੱਧ ਧਰਮ ਦੇ ਧਮ-ਪਦਾਂ ਵਿਚ ਤੇ ਲੰਕ-ਅਵਤਾਰ ਦੇ ਸੂਤਰਾਂ ਵਿਚ (ਜਿਹੜੇ ਇਸ ਪੁਸਤਕ ਦੀ ਅੰਤਕਾ ਵਿਚ ਦਿੱਤੇ ਹਨ) ਸਾਫ਼ ਦਸਿਆ ਗਿਆ ਹੈ ਕਿ ਮਾਸ ਆਹਾਰ ਇਕ 'ਸਾਧਕ' ਵਾਸਤੇ ਯੋਗ ਭੋਜਨ ਨਹੀਂ। ਇਸੇ ਤਰ੍ਹਾਂ ਮਨੂੰ ਮਹਾਰਾਜ ਨੇ ਆਪਣੇ ਗ੍ਰੰਥ 'ਮਨੂੰ ਸਿਮ੍ਰਤੀ' ਵਿਚ ਵੀ ਇਸ ਦੀ ਨਿਖੇਧੀ ਕੀਤੀ ਹੈ।

ਮਨੂੰ ਦਾ ਵਿਚਾਰ ਹੈ ਕਿ ਜਿਹੜਾ ਜਾਨਵਰ ਮਾਰਦਾ ਹੈ, ਵੇਚਦਾ ਹੈ, ਖ਼ਰੀਦਦਾ ਹੈ, ਜਾਂ ਲੋਕਾਂ ਨੂੰ ਵਰਤਾਉਂਦਾ ਹੈ, ਉਹ ਕਾਤਲ ਹੈ ਤੇ ਕਤਲ ਦੀ ਸਜ਼ਾ ਭੁਗਤੇਗਾ। ਜਿਹੜਾ ਆਪਣਾ ਮਾਸ ਜੀਵ-ਹਤਿਆ ਕਰ ਕੇ ਵਧਾਉਂਦਾ ਹੈ, ਉ ਤੋਂ ਵੱਡਾ ਪਾਪੀ ਕੋਈ ਹੋਰ ਹੋ ਹੀ ਨਹੀਂ ਸਕਦਾ।

ਤੁਰੇਤ (Old Testament) ਦੀ ਜੀਨੇਸਿ (Genesis) ਵਿਚ ਵੀ ਸਾਫ਼ ਸ਼ਬਦਾਂ ਵਿਚ ਲਿਖਿਆ ਹੈ :

ਰੱਬ ਨੇ ਕਿਹਾ, ਵੇਖੋ ਮੈਂ ਧਰਤੀ ਉਤੇ ਹਰ ਪ੍ਰਕਾਰ ਦਾ ਅੰਨ ਪੈਦਾ ਕੀਤਾ ਹੈ ਤੇ ਹਰ ਰੁੱਖ ਨੂੰ ਫਲ ਲਾਇਆ ਹੈ ਜਿਸ ਵਿਚੋਂ ਬੀਜ ਨਿਕਲਦੇ ਹਨ। ਤੁਸੀਂ ਮਾਸ ਦੀ ਥਾਂ ਇਹ ਖਾਓ।

'And God said, Behold I have given you every herb bearing seed which is upon the face of all the earth and every tree in which is the fruit of a tree yielding seed, to you it shall be for meat.'

ਇਸੇ ਤਰ੍ਹਾਂ ਅੰਜੀਲ ਵਿਚ, "ਸਕਰੋਲਜ਼ ਆਫ਼ ਡੈਡ ਸੀ (Scroll of Dead Sea) ਦੀ ਖੋਜ ਤੋਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਯਸੂ ਮਸੀਹ ਨੇ ਆਪਣੇ ਅਨੁਯਾਈਆਂ ਨੂੰ ਮਾਸ ਖਾਣ ਦੀ ਮਨਾਹੀ ਕੀਤੀ, ਉਹ ਕਹਿੰਦੇ ਹਨ—

"ਹਤਿਆ ਨਾ ਕਰੋ ਅਤੇ ਨਾ ਹੀ ਮਾਸੂਮ ਪਸ਼ੂਆਂ ਆਦਿ ਦਾ ਸ਼ਿਕਾਰ ਕਰ ਕੇ ਉਨ੍ਹਾਂ ਦਾ ਮਾਸ ਖਾਓ, ਨਹੀਂ ਤਾਂ ਤੁਸੀਂ ਸ਼ੈਤਾਨ ਦੇ ਗੁਲਾਮ ਬਣ ਜਾਓਗੇ। ਦੁੱਖ ਦੇਣ ਦਾ ਇਹੀ ਫਲ ਭੁਗਤਣਾ ਪਵੇਗਾ, ਅਥਵਾ ਮੌਤ ਦੇ ਹਵਾਲੇ ਹੋਣਾ ਪਵੇਗਾ। ਇਸ ਲਈ ਅੱਲਾ ਦਾ ਹੁਕਮ ਮੰਨੋ ਕਿ 'ਵੇਖੋ ਮੈਂ ਧਰਤੀ ਉਤੇ ਹਰ ਪ੍ਰਕਾਰ ਦਾ ਅੰਨ ਪੈਦਾ ਕੀਤਾ



www.AKJ.Org

ਹੈ...,' ਕਿਉਂਕਿ ਫ਼ੁਰਮਾਇਆ ਵੀ ਹੈ" ;

"Kill not, neither eat the flesh of your innocent prey, lest you become the slaves of Satan. For, that is the pain of suffering, and it leads you unto death. Obey therefore, the word of God : Behold I have given you every herb..."

ਅਤੇ ਹੋਰ :

"ਧਰਤੀ ਦੇ ਹਰ ਦਰਿੰਦ ਪਰਿੰਦ ਲਈ, ਅਤੇ ਕੀੜੇ ਮਕੌੜੇ ਲਈ, ਗੱਲ ਕੀ ਹਰ ਜਾਨਦਾਰ ਲਈ ਮੈਂ ਮਾਸ ਦੀ ਥਾਂ ਅੰਨ ਪੈਦਾ ਕੀਤਾ ਹੋਇਆ ਹੈ।"

"And to every beast of the earth, and to every fowl of the air, and to everything that creepeth upon the Earth, wharein there is breath of life I give every green herb for meat."

ਪੁਰਾਣੇ ਸਮੇਂ ਦੇ ਉੱਚ-ਕੋਟੀ ਦੇ ਵਿਦਵਾਨ ਤੇ ਸਾਇੰਸ-ਦਾਨ—ਪਾਈਥਾ-ਗੋਰਸ (Pythagoras) ਤੇ ਵੀਹਵੀਂ ਸਦੀ ਦੇ ਮੰਨੇ ਪ੍ਰਮੰਨੇ ਵਿਦਵਾਨ ਜਾਰਜ ਬਰਨਾਰਡ ਸ਼ਾਅ (George Bernard Shaw) ਮਾਸ ਖਾਣ ਤੇ ਜੀਵ-ਹਤਿਆ ਦੇ ਬਹੁਤ ਵਿਰੁਧ ਸਨ। ਉਹ ਜ਼ੋਰਦਾਰ ਸ਼ਬਦਾਂ ਵਿਚ ਇਸ ਤਰ੍ਹਾਂ ਕਹਿੰਦੇ ਹਨ :—

"ਆਪਣੇ ਸਰੀਰ ਨੂੰ ਪਾਪ ਭਰੀ ਖ਼ੁਰਾਕ ਨਾਲ ਭਰਨ ਤੋਂ ਗੁਰੇਜ਼ ਕਰੋ। ਵੇਖੋ ਦੁਨੀਆਂ ਵਿਚ ਕਿੰਨਾ ਵਧੀਆ ਅਨਾਜ ਤੇ ਫਲ-ਅੰਗੂਰ ਮਿਲਦੇ ਹਨ। ਸਬਜ਼ੀਆਂ ਦੀ ਭਰਮਾਰ ਹੈ। ਅੱਗ ਉਤੇ ਪਕਾ ਕੇ ਕਿੰਨੇ ਵਧੀਆ ਖਾਣੇ ਬਣ ਜਾਂਦੇ ਹਨ। ਸਾਨੂੰ ਦੁੱਧ ਤੇ ਸ਼ਹਿਦ ਖਾਣ ਲਈ ਮਿਲ ਸਕਦਾ ਹੈ। ਇਸ ਸੁਹਾਣੀ ਧਰਤੀ ਨੇ ਸਾਨੂੰ ਕਿੰਨਾ ਸਾਫ ਸੁਥਰਾ ਭੋਜਨ ਬਖਸ਼ਿਆ ਹੈ। ਇਹ ਸਾਰਾ ਕੁਝ ਸਾਨੂੰ ਜਾਨਵਰਾਂ ਦਾ ਖੂਨ ਬਹਾਏ ਬਿਨਾਂ ਹੀ ਪ੍ਰਾਪਤ ਹੋ ਸਕਦਾ ਹੈ।" .

"Beware, O mortals of defiling your bodies with sinful food. There are cereals, there are fruits bending the branches down by their weight and luxurious grapes on the vines. There are sweet vegetables and herbs, the flame can render palatable and mellow. Nor we are denied milk nor honey...the beautiful earth offers you an abundance of pure food and provides for meals obtainable without slaughter and bloodshed."

ਜਾਰਜ ਬਰਨਾਰਡ ਸ਼ਾਅ ਜਦ ਸਖ਼ਤ ਬੀਮਾਰ ਹੋਏ ਤੇ ਡਾਕਟਰਾਂ ਨੇ ਉਹਨਾਂ ਦਾ ਜੀਵਨ ਬਚਾਉਣ ਵਾਸਤੇ ਜਦੋਂ ਉਹਨਾਂ ਨੂੰ ਮਾਸ ਖਾਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਤਾਂ ਉਹਨਾਂ ਇਹ ਕਿਹਾ :—

"ਮੇਰੀ ਹਾਲਤ ਅਜੀਬ ਹੈ। ਮੇਰੀ ਜ਼ਿੰਦਗੀ ਉਸ ਸੂਰਤ ਵਿਚ ਬਚ ਸਕਣ ਦਾ ਭਰੋਸਾ ਦਿਵਾਇਆ ਜਾਂਦਾ ਹੈ ਜੇਕਰ ਮੈਂ ਗਾਂ-ਮਾਸ ਖਾ ਲਵਾਂ। ਮੈਂ ਸਮਝਦਾ ਹਾਂ ਕਿ ਦੂਜਿਆਂ ਦਾ ਖ਼ੂਨ ਪੀਣ ਨਾਲੋਂ ਮਰ ਜਾਣਾ ਚੰਗਾ ਹੈ। ਮੈਂ ਆਪਣੇ ਜਨਾਜ਼ੇ ਬਾਰੇ ਵਸੀਅਤ ਕਰ ਦਿਤੀ ਹੈ। ਮੈਂ ਚਾਹੁੰਦਾ ਹਾਂ ਕਿ ਮੇਰੀ ਅਰਥੀ ਨਾਲ ਬਘੀਆਂ ਤੇ ਮੋਟਰਾਂ ਹੋਣ ਦੀ ਥਾਂ ਗਾਵਾਂ-ਮਹੀਆਂ, ਭੇਡਾਂ ਦੇ ਇੱਜੜ ਤੇ ਮੁਰਗੀਆਂ ਦੇ ਟੋਲੇ ਹੋਣ। ਉਨ੍ਹਾਂ ਨੇ ਗਲਾਂ ਵਿਚ ਸਫੇਦ ਪੱਲੇ ਪਾਏ ਹੋਣ, ਜਿਹੜੇ ਉਸ ਮਨੁਖ ਲਈ ਸਤਿਕਾਰ ਦੀ ਨਿਸ਼ਾਨੀ ਹੋਣ ਜਿਸ ਨੇ ਪ੍ਰਾਣੀਆਂ ਨੂੰ ਖਾਣ ਦੀ ਥਾਂ ਮੌਤ ਦਾ ਪੱਲਾ ਫੜਨਾ ਬਿਹਤਰ ਸਮਝਿਆ।"

"My situation is solemn one. Life is offered to me on the condition of eating beefsteaks. But death is better than cannibalism. My will contains directions for my funeral which will be followed not by mourning coaches but by oxen, sheep, flock of pouitry and a small travelling, aquarium of line fish—all wearing white scarfs in honour of the man who perished rather than eat his fellow creatures."

ਮਾਸ ਖਾਣ ਵਾਲੇ ਲੋਕਾਂ ਦਾ ਹਾਲ ਵੇਖ ਕੇ ਜਾਰਜ ਬਰਨਾਰਡ ਸ਼ਾਹ ਨੇ ਇਕ ਛੋਟੀ ਜਹੀ ਦਰਦ ਭਰੀ ਕਵਿਤਾ ਲਿਖੀ ਜਿਸ ਦੇ ਕੁਝ ਅੰਸ਼ ਇਸ ਤਰ੍ਹਾਂ ਹਨ :—

We are the living graves of murdered beasts slaughtered to satisfy our apetites.

(ਅਸੀਂ ਮਾਸ ਖਾਣ ਵਾਲੇ ਉਹ ਚਲਦੀਆਂ-ਫਿਰਦੀਆਂ ਕਬਰਾਂ ਹਾਂ, ਜਿਨ੍ਹਾਂ ਵਿਚ ਕਈ ਕੋਹੇ ਗਏ ਜਾਨਵਰਾਂ ਦੀਆਂ ਲਾਸ਼ਾਂ ਦਫ਼ਨ ਕੀਤੀਆਂ ਗਈਆਂ ਹਨ। ਇਹ ਸਾਰਾ ਕੁਝ ਅਸੀਂ ਆਪਣੀ ਭੁਖ ਮਿਟਾਣ ਲਈ ਕੀਤਾ ਹੈ)।

Like carrion crows we live and feed on meat, regardless of the suffering and the pain

ਮੁਰਦਿਆਂ ਦਾ ਮਾਸ ਨੋਚ ਨੋਚ ਕੇ ਖਾਣ ਵਾਲੀਆਂ ਗਿਰਜਾਂ ਵਾਂਗ ਅਸੀਂ ਆਪਣੇ ਆਪ ਨੂੰ ਮਾਸ ਤੇ ਪਾਲਦੇ ਹਾਂ। ਸਾਨੂੰ ਇਸ ਗੱਲ ਦਾ ਅੰਦਾਜ਼ਾ ਹੀ ਨਹੀਂ ਕਿ ਇਸ ਵਿਚ ਪੀੜ ਕਿੰਨੀ ਕੁ ਹੈ।

ਇਸ ਪੁਸਤਕ ਵਿਚ ਅਸੀਂ ਇਹ ਦਸ ਸਕੇ ਹਾਂ ਕਿ ਕਿਸੇ ਧਰਮ ਅਤੇ ਸੰਸਾਰ ਦੇ ਕਿਸੇ ਵੀ ਵਿਚਾਰਵਾਨ ਮਹਾਪੁਰਖ ਨੇ ਮਾਸ ਖਾਣ ਅਤੇ ਨਸ਼ਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਪਾਠਕ ਖ਼ੁਦ ਇਸ ਗੱਲ ਦੇ ਦਰੁਸਤ ਹੋਣ ਬਾਰੇ ਵਿਚਾਰ ਕਰ ਲੈਣ।

www.AKJ.Org

# ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਹਫ਼ਤੇਵਾਰੀ ਕੀਰਤਨ-ਪ੍ਰੋਗਰਾਮ

ਸਮੂੰਹ ਯੂ. ਕੇ. ਨਿਵਾਸੀ ਸੰਗਤਾਂ ਪ੍ਰਤੀ ਵਿਦਤ ਕੀਤਾ ਜਾਂਦਾ ਹੈ ਕਿ ਜੱਥੇ ਦੇ ਸਪਤਾਹਕ ਰੈਣ-ਸਬਾਈ/ਅਖੰਡਪਾਠ/ ਕੀਰਤਨ ਪ੍ਰੋਗਰਾਮ ਇਸ ਮਹੀਨੇ ਹੇਠ ਲਿਖੇ ਅਨੁਸਾਰ ਉਲੀਕੇ ਗਏ ਹਨ । ਜੱਥੇ ਦੇ ਸਮੂੰਹ ਮੈਂਬਰ ਤੇ ਸਮੂੰਹ ਸੰਗਤਾਂ ਸਮੇਂ ਸਿਰ ਨੀਯਤ ਪ੍ਰੋਗਰਾਮ ਅਨੁਸਾਰ ਦਰਸ਼ਨ ਦੇ ਕੇ ਦੀਵਾਨ ਦੀ ਰੌਣਕ ਵਧਾਉਣ ਅਤੇ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ।

| ਪੂਰਾ ਨਾਂ ਤੇ ਐਡਰੈਸ | ਪ੍ਰੋਗਰਾਮ | ਦਿਨ ਤੇ ਤਰੀਕ |
|---|---|---|
| 1. Banta Singh Reehal<br>12, Hartington Road,<br>Lozells, Birmingham-19 | ਅਖੰਡਪਾਠ ਅਤੇ ਕੀਰਤਨ | ਸ਼ੁਕਰ, ਸ਼ਨੀ, ਅਤੇ ਐਤਵਾਰ<br>੨੬,੨੭,੨੮ ਅਕਤੂਬਰ ੭੩ |
| 2. Gurdwara Sri Guru Singh Sabha<br>Havlock Road, Southall | ਅਖੰਡਪਾਠ, ਰੈਣਸਬਾਈ ਕੀਰਤਨ<br>ਅਤੇ ਅੰਮ੍ਰਿਤ-ਸੰਚਾਰ | ਸ਼ੁਕਰ, ਸ਼ਨੀ, ਅਤੇ ਐਤਵਾਰ<br>੨, ੩, ੪ ਨਵੰਬਰ ੭੩ |
| 3 Guru Nanak Sikh Temple<br>26, Nottingham Rd, Nottingham | ਕੀਰਤਨ ਆਸਾ ਦੀ ਵਾਰ<br>੯ ਤੋਂ ੧੨ ਵਜੇ | ਐਤਵਾਰ<br>੧੧.੧੧.੭੩ |
| 4 Mrs Kuldip Kaur Joginder Singh Jabbal<br>27-Beacon Hill, Aston,<br>Birmingham-6 | ਭੋਗ ਸਧਾਰਨ ਪਾਠ<br>ਤੇ ਅਖੰਡ ਕੀਰਤਨ | ਐਤਵਾਰ<br>੧੮.੧੧.੭੩ |
| 5. Sri Guru Nanak Sikh Temple<br>High St, Smethwick, Birmingham | ਕੀਰਤਨ ਆਸਾ ਦੀ ਵਾਰ<br>੮ ਤੋਂ ੧੧-੩੦ ਵਜੇ | ਐਤਵਾਰ<br>੨੫.੧੧.੭੩ |

ਪ੍ਰਾਰਥਕ—ਅਖੰਡ ਕੀਰਤਨੀ ਜੱਥਾ, ਯੂ. ਕੇ. (ਰਜਿਸਟ੍ਰਡ), ਬਰਮਿੰਘਮ

# ਖੰਨਾ ਜ਼ਿਲਾ ਲੁਧਿਆਨਾ ਵਿਖੇ ਮਾਹਵਾਰੀ ਅਖੰਡ-ਕੀਰਤਨ ਪ੍ਰੋਗਰਾਮ

ਭਾਈ ਸਾਹਿਬ ਨਿਰਮਲ ਸਿੰਘ ਜੀ ਐਸ. ਡੀ. ਓ. ਖੰਨਾ ਦੇ ਗ੍ਰਿਹ ਸੂਰਜ ਭਵਨ, ਮਹੱਲਾ ਮਾਤਾ ਰਾਣੀ ਵਿਖੇ ੨੨-੧੧-੭੩ ਨੂੰ ਸਵੇਰੇ ੬ ਵਜੇ ਅਖੰਡਪਾਠ ਅਰੰਭ ਹੋਣਗੇ ਅਤੇ ੨੪-੧੧-੭੩ ਨੂੰ ਸਵੇਰੇ ੬ ਵਜੇ ਅਖੰਡਪਾਠ ਦੇ ਭੋਗ ਪੈ ਕੇ ਉਪਰੰਤ ੧੧ਵਜੇ ਤਕ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ੨੩-੧੧-੭੩ ਸ਼ਾਮ ਨੂੰ ਗੁਰਦਵਾਰਾ ਕਲਗੀਧਰ ਜੀ.ਟੀ. ਰੋਡ ਵਿਖੇ ੬ ਤੋਂ ੧੦ ਤਕ ਅਖੰਡ ਕੀਰਤਨ ਹੋਣਗੇ। ਗੁਰਦਵਾਰਾ ਸਾਹਿਬ ਪੁਰਾਣੇ ਬਸ ਅੱਡੇ ਦੇ ਨੇੜੇ ਅਤੇ ਭਾਈ ਨਿਰਮਲ ਸਿੰਘ ਜੀ ਦੇ ਗ੍ਰਿਹ ਦੇ ਨਾਲ ਹੈ।

ਜ਼ਿਲਾ ਲੁਧਿਆਨਾ, ਚੰਡੀਗੜ੍ਹ, ਗੁੜਗਾਉਂ, ਪਟਿਆਲਾ ਤੇ ਗੁਰਦਾਸਪੁਰ ਦੇ ਕੀਰਤਨੀ ਜੱਥੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋ ਰਹੇ ਹਨ। ਸਰਬਤ ਪਿਆਰਿਓ, ਇਸ ਮਹਾਨ ਸਮਾਗਮ ਵਿਚ ਆਇ ਜੁੜੋ ਅਤੇ ਗੁਰ - ਸੰਗਤਾਂ ਵਿਚ ਮਿਲ ਕੇ ਅੰਮ੍ਰਿਤ - ਛਾਂਦੇ ਛੂੰਚੋ ਤੇ ਛੂੰਚਾਓ।

ਪੁੱਛ-ਗਿੱਛ ਲਈ—ਮਾਸਟਰ ਉਜਾਗਰ ਸਿੰਘ ਫਰਵਾਲੀ, ਡਾਕ ਘਰ ਲੋਹਟਬਦੀ, ਜ਼ਿਲਾ ਸੰਗਰੂਰ

## ਦਿੱਲੀ ਵਿਖੇ ਹਫ਼ਤੇਵਾਰੀ ਕੀਰਤਨ-ਪ੍ਰੋਗਰਾਮ

ਅਖੰਡ ਕੀਰਤਨੀ ਜੱਥਾ ਦਿਲੀ ਵਲੋਂ ਹਰ ਹਫ਼ਤੇ ਐਤਵਾਰ ਨੂੰ ਜੋ ਕੀਰਤਨ - ਪ੍ਰੋਗਰਾਮ ਹੁੰਦੇ ਹਨ ਉਨ੍ਹਾਂ ਦੀ ਪੁੱਛ-ਗਿੱਛ ਹੇਠ ਲਿਖੇ ਪਤਿਆਂ ਤੋਂ ਕਰੋ ਜੀ —

(ੳ) ਮਾਸਟਰ ਹਰਬੰਸ ਸਿੰਘ ਜੀ
ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿਲੀ

(ਅ) ਭਾਈ ਮਿਹਰ ਸਿੰਘ ਜੀ
੫-ਐਲਬਰਟ ਸੁਕੇਅਰ, ਨਵੀਂ ਦਿਲੀ

## ਅੰਮ੍ਰਿਤਸਰ ਜੀ ਵਿਖੇ ਹਫ਼ਤੇਵਾਰੀ ਕੀਰਤਨ

ਅਖੰਡ ਕੀਰਤਨੀ ਜੱਥਾ ਸ੍ਰੀ ਅੰਮ੍ਰਿਤਸਰ ਵਲੋਂ ਹਰ ਹਫ਼ਤੇ ਐਤਵਾਰ ਨੂੰ ਜੋ ਕੀਰਤਨ ਪ੍ਰੋਗਰਾਮ ਹੁੰਦੇ ਹਨ ਉਨ੍ਹਾਂ ਦੀ ਪੁੱਛ ਗਿੱਛ ਹੇਠ ਲਿਖੇ ਪਤਿਆਂ ਤੋਂ ਕਰੋ ਜੀ —

(ੳ) ਖ਼ਾਲਸਾ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

(ਅ) ਸਿੰਘ ਬ੍ਰਦਰਜ਼ ਤੇ ਦਫ਼ਤਰ 'ਸੂਰਾ'
ਬਜ਼ਾਰ ਮਾਈ ਸੇਵਾਂ(ਕੂਚਾ ਚਤਰ ਸਿੰਘ)ਅੰਮ੍ਰਿਤਸਰ

www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸ਼ਵ ਜਲੰਧਰ ਸ਼ਹਿਰ ਵਿਖੇ ਸਲਾਨਾ ਅਖੰਡ-ਕੀਰਤਨ ਸਮਾਗਮ

## ੮ ਨਵੰਬਰ ਵੀਰਵਾਰ ਸਵੇਰ ਤੋਂ ੧੧ ਨਵੰਬਰ ਐਤਵਾਰ ਸਵੇਰ ਤੱਕ

ਹਮੇਸ਼ਾ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਪਿਤਾ ਦਾ ਪ੍ਰਕਾਸ਼ - ਉਤਸ਼ਵ ਗੁਰਪੁਰਬ ਜਲੰਧਰ ਸ਼ਹਿਰ ਵਿਚ ਮਨਾਇਆ ਜਾ ਰਿਹਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਓਂ ਥਾਂ ਥਾਂ ਤੋਂ ਪੁਜਣਗੇ ਅਤੇ ਹਰਿ - ਜਸ - ਕੀਰਤਨ ਦੇ ਛਾਂਦੇ ਭੁੰਚਣ - ਭੁੰਚਾਣਗੇ।

ਸਮੂੰਹ ਗੁਰਮੁਖ ਵੀਰਾਂ ਭੈਣਾਂ ਅਗੇ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵਧ ਤੋਂ ਵਧ ਹਾਜ਼ਰੀ ਭਰ ਕੇ ਧੁਰ ਕੀ ਬਾਣੀ ਦੇ ਸੱਚੇ ਸੁੱਚੇ ਲਾਹੇ ਪ੍ਰਾਪਤ ਕਰੋ ਜੀ।

## ਕੀਰਤਨ ਤੇ ਸ੍ਰੀ ਅਖੰਡਪਾਠ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|
| ੮-੧੧-੭੩ | ੨.੦੦ ਤੋਂ ੪.੦੦ ਸਵੇਰੇ | ਅਖੰਡ ਕੀਰਤਨ ਨਿਰਬਾਣ | ਲਾਇਲਪੁਰ ਖ਼ਾ: ਹਾ: ਸਕੂਲ |
| (ਵੀਰਵਾਰ) | ੪.੧੫ ਸਵੇਰੇ | ਅਰੰਭ ਸ੍ਰੀ ਅਖੰਡਪਾਠ | ਨਕੋਦਰ ਰੋਡ, ਜਲੰਧਰ |
| | ੫.੦੦ ਤੋਂ ੮.੦੦ ਸਵੇਰੇ | ਕੀਰਤਨ ਆਸਾ ਦੀ ਵਾਰ | ਗੁਰਦਵਾਰਾ ਸ਼ਕਤੀ ਨਗਰ |
| | ੭.੦੦ ਤੋਂ ੯.੩੦ ਸ਼ਾਮ | ਸੋਦਰ ਦੀ ਚੌਕੀ | ਗੁਰਦਵਾਰਾ ਸੰਤਪੁਰ, ਨਕੋਦਰ ਰੋਡ |
| ੯-੧੧-੭੩ | ੫.੦੦ ਤੋਂ ੧੧.੦੦ ਸਵੇਰੇ | ਕੀਰਤਨ ਆਸਾ ਦੀ ਵਾਰ | ਗੁ: ਦੀ: ਅਸਥਾਨ, ਸੈਂਟਰਲ ਟਾਊਨ |
| (ਸ਼ੁਕਰਵਾਰ) | ੭.੦੦ ਤੋਂ ੯.੩੦ ਸ਼ਾਮ | ਸੋਦਰ ਦੀ ਚੌਕੀ | ਪੰਡਾਲ ਖ਼ਾ: ਹਾ: ਸਕੈ: ਸਕੂਲ |
| ੧੦-੧੧-੭੩ | ੪.੦੦ ਸਵੇਰੇ | ਭੋਗ ਸ੍ਰੀ ਅਖੰਡਪਾਠ | ,, ,, |
| (ਸ਼ਨੀਵਾਰ) | ੫.੦੦ ਤੋਂ ੧.੦੦ ਦੁਪਹਿਰ | ਆਸਾ ਦੀ ਵਾਰ ਤੇ ਅਖੰਡਕੀਰਤਨ | ,, ,, |
| | | ਅੰਮ੍ਰਿਤ-ਸੰਚਾਰ | |
| | ੮.੦੦ ਰਾਤ | ਰੈਣ-ਸਬਾਈ ਕੀਰਤਨ ਅਰੰਭ | ,, ,, |
| ੧੧-੧੧-੭੩ | ੭.੦੦ ਸਵੇਰੇ | ਆਸਾ ਦੀ ਵਾਰ ਉਪਰੰਤ ਸਮਾਪਤੀ | ,, ,, |

**ਅੰਮ੍ਰਿਤ-ਸੰਚਾਰ**—੧੦ ਨਵੰਬਰ ਸ਼ਨੀਵਾਰ ਨੂੰ ੩ ਵਜੇ ਦੁਪਹਿਰ ਪਿਛੋਂ ਅਰੰਭ ਹੋਵੇਗਾ। ਪਰਵਾਰਾਂ ਸਮੇਤ ਸਿੰਘ ਸਿੰਘਣੀਆਂ ਕੰਘਾ, ਕੜਾ, ਕਛਹਿਰਾ, ਕਿਰਪਾਨ ਤੇ ਕੇਸਕੀ ਧਾਰਨ ਕਰ ਕੇ ਪੁਜਣ ਅਤੇ ਗੁਰੂ ਵਾਲੇ ਬਣ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

ਨੋਟ :—੧. ਰਿਹਾਇਸ਼ ਤੇ ਲੰਗਰ ਦਾ ਪਰਬੰਧ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੀ ਹੋਵੇਗਾ।

੨. ਆਪਣੀ ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਵੋ ਜੀ।

੩. ਅਨੰਦ-ਕਾਰਜ ਕਰਾਉਣ ਵਾਲੇ ਜੋੜੇ ਤਿਆਰ ਹੋ ਕੇ ਪੁਜਣ।

ਪੁੱਛ-ਗਿੱਛ ਲਈ :- (ੳ) ਮਾਸਟਰ ਸੁੰਦਰ ਸਿੰਘ ਜੀ

(ਅ) ਕਰਨਲ ਦਲਜੀਤ ਸਿੰਘ ਜੀ, ੩੦੫ ਐਲ, ਮਾਡਲ ਟਾਊਨ, ਜਲੰਧਰ।

ਪ੍ਰਾਰਥਕ ਦਾਸਰੇ —**ਅਖੰਡ ਕੀਰਤਨੀ ਜੱਥਾ, ਜਲੰਧਰ**

www.AKJ.Org